ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-25 ਨੰਬਰ-4

26 ਫੱਗਣ ਤੋਂ 2 ਚੇਤਰ 2073 - 9 to 15 March 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 202

## ਬਰਕਤ ਹੋਊਗੀ

ਜੋ ਬਾਣੀ ਪੜੇਗਾ
ਅਰ ਭਜਨ ਕਰੇਗਾ
ਸੋ ਉਸ ਕੇ ਵਾਸਤੇ
ਸਭ ਸੁਖ ਹੋਨਗੇ।
ਰਿਜਕ ਦੇ ਬਿਚ
ਬੀ ਬਰਕਤ
ਹੋਊਗੀ ।





ਸ੍ਰੀ ਜੀਵਨ ਨਗਰ ਦੇ ਪਿੰਡ ਜਗਜੀਤ ਨਗਰ ਵਿਖੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਹੋਏ ਵਿਸ਼ਾਲ ਸਿਮ੍ਰਤੀ ਸਮਾਗਮ ਸਮੇਂ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਦੇ ਸੁਭਾਇਮਾਨ ਅਤੇ ਹਜ਼ੂਰੀ ਵਿੱਚ ਸ੍ਰੀ ਭੁਪਿੰਦਰ ਸਿੰਘ ਹੁਡਾ (ਸਾਬਕਾ ਮੁਖ ਮੰਤਰੀ ਹਰਿਆਣਾ) ਆਪਣੇ ਵਿਚਾਰ ਸਾਂਝੇ ਕਰਦੇ ਹੋਏ ।

## ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਵਿਸ਼ਾਲ ਸਿਮ੍ਰਤੀ ਸਮਾਗਮ

ਸੇਵਾ ਸਿਮਰਨ ਤੇ ਸਾਦਗੀ ਦੀ ਮੂਰਤ ਪੂਜਨੀਕ ਮਾਤਾ ਚੰਦ ਕੌਰ ਜੀ ਦੀਆਂ ਯਾਦਾਂ ਨਾਮਧਾਰੀ ਸਿੱਖ ਜਗਤ ਹੀ ਨਹੀਂ ਸਗੋਂ ਉਹਨਾਂ ਲੋਕਾਂ ਦੇ ਹਿਰਦਿਆਂ ਵਿਚ ਹਮੇਸ਼ਾਂ ਲਈ ਤਰੋ ਤਾਜ਼ਾ ਰਹਿਣਗੀਆਂ ਜਿਹਨਾਂ ਨੇ ਇਕ ਵਾਰ ਹੀ ਮਾਤਾ ਜੀ ਦੀ ਨੇੜਤਾ ਪ੍ਰਾਪਤ ਕੀਤੀ ਹੈ। ਕਿਸੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ, ਕਿਸੇ ਦੂਸਰੇ ਦੀ ਨਿਜੀ ਤਕਲੀਫ ਨੂੰ ਆਪਣੀ ਨਿਜੀ ਤਕਲੀਫ ਸਮਝਦੇ ਹੋਏ ਉਸ ਦੀ ਮਦਦ ਲਈ ਹਮੇਸਾਂ ਤਿਆਰ ਰਹਿਣਾ ਮਾਤਾ ਚੰਦ ਕੌਰ ਜੀ ਦਾ ਸੁਭਾਅ ਹੀ ਬਣ ਚੁੱਕਾ ਸੀ। ਮਾਤਾ ਚੰਦ ਕੌਰ ਜੀ ਦੀ ਅਜਿਹੀ ਕਰਨੀ ਅਗੇ ਸਾਡਾ ਸਭਨਾ ਦਾ ਸਿਰ ਸ਼ਰਧਾ ਅਤੇ ਸਤਿਕਾਰ ਨਾਲ ਹਮੇਸ਼ਾਂ ਝੁਕਦਾ ਰਹੇਗਾ। ਪੂਜਨੀਕ ਮਾਤਾ ਜੀ ਦੀਆਂ ਯਾਦਾਂ ਨੂੰ ਤਰੋ ਤਾਜ਼ਾ ਕਰਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਲਾਕਾ ਸ੍ਰੀ ਜੀਵਨ ਨਗਰ ਦੇ ਜਗਜੀਤ ਨਗਰ ਦੀ ਸਮੁੱਚੀ ਸਾਧ ਸੰਗਤ ਅਤੇ ਮਾਤਾ ਚੰਦ ਕੌਰ ਜੀ ਦੇ ਸਮੁੱਚਾ ਪੇਕਾ ਪਰਿਵਾਰ ਵਲੋਂ ਕੀਤੀ ਹੋਈ ਅਰਜ਼ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਮਿਤੀ 23 ਫਰਵਰੀ 2017 ਦਿਨ ਵੀਰਵਾਰ 12 ਫੱਗਣ ਬਿਕ੍ਰਮੀ 2073 ਨੂੰ ਪਿੰਡ ਜਗਜੀਤ ਨਗਰ ਵਿਖੇ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਹੋ ਰਹੇ ਵਿਸ਼ਾਲ ਸਿਮ੍ਰਤੀ ਸਮਾਗਮ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। (ਬਾਕੀ ਸਫਾ 2 'ਤੇ)



ਦਿੱਲੀ ਵਿਖੇ ਮਨਾਏ ਬਸੰਤ ਪੰਚਮੀ ਮੇਲੇ ਸਮੇਂ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਆਨੰਦ ਮਾਣਦੀ ਹੋਈ ।

## ਦਿੱਲੀ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ 202ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ

ਸਤਿਗੁਰੂ ਰਾਮ ਸਿੰਘ ਜੀ ਧਾਰਮਿਕ, ਸਮਾਜਿਕ ਅਤੇ ਰਾਜਨੈਤਿਕ ਤੌਰ ਤੇ ਵੱਡੇ ਸੁਧਾਰਕ ਬਣੇ। ਆਪ ਜੀ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਕਾਰਨ ਸਾਰਾ ਸਮਾਜ ਆਪ ਜੀ ਦੇ ਪਾਵਨ ਦਿਹਾੜਿਆਂ ਨੂੰ ਬੜੀ ਸ਼ਰਧਾ ਨਾਲ ਮਨਾਉਂਦਾ ਹੈ। ਇਸੇ ਲੜੀ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸਮੁਚੀ ਨਾਮਧਾਰੀ ਸੰਗਤ ਦਿੱਲੀ ਵਲੋਂ 19-2-2017 ਨੂੰ ਰਾਜਾ ਗਾਰਡਨ ਦੇ ਕਵਾਤਰਾ ਹਾਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 202ਵਾਂ ਪ੍ਰਕਾਸ਼ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਆਸਾ ਦੀ ਵਾਰ ਦਾ ਕੀਰਤਨ ਸਵੇਰੇ 5-7 ਤੱਕ, ਰਾਗੀ ਸਾਜਨ ਸਿੰਘ ਗੁਰਚਰਨ ਸਿੰਘ ਨੇ ਕੀਤਾ ਜਿਹਨਾਂ ਦਾ ਸਾਥ ਦਿੱਲੀ ਦੇ ਨੌਜਵਾਨਾਂ ਦੇ ਨਾਲ ਰਾਗੀ ਮਨਜੀਤ ਸਿੰਘ ਨੇ ਦਿੱਤਾ। ਵਾਰ ਉਪਰੰਤ ਖੂਬਸੂਰਤ ਸਜੇ ਪੰਡਾਲ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੇ ਗੀਤ ਪੜ੍ਹਿਆ-

**ਖਿੜ ਗਈ ਬਸੰਤ ਖਿੜ ਗਈ ਬਹਾਰ ਜੀ।**

(ਬਾਕੀ ਸਫਾ 7 'ਤੇ)




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ (ਬਸੰਤ ਪੰਚਮੀ) ਮੌਕੇ ਲੁਧਿਆਣੇ ਦੀ ਸਾਧ-ਸੰਗਤ ਵਲੋਂ ਤੀਸਰਾ ਸ਼ਾਸਤਰੀ ਸੰਗੀਤ ਸੰਮੇਲਨ ਕੀਤਾ ਗਿਆ । ਜਿਸ ਵਿੱਚ ਬੀਬੀ ਅਵਤਾਰ ਕੌਰ ਨੇ ਆਪਣੀ ਪੇਸ਼ਕਾਰੀ ਰਾਗ ਕੋਸ਼ਿਕਧਵਨੀ ਵਿਲੰਬਤ ਇੱਕ ਤਾਲ ਤੋਂ ਆਰੰਭ ਕੀਤੀ ।

## ਤੀਸਰਾ ਬਸੰਤ ਪੰਚਮੀਂ ਸ਼ਾਸਤਰੀ ਸੰਗੀਤ ਸੰਮੇਲਨ ਲੁਧਿਆਣਾ 2017

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਵਰ੍ਹੇ ਦੇ ਸਮਾਪਨ ਸਮਾਰੋਹਾਂ ਦੌਰਾਨ ਆਪ ਜੀ ਦੇ 202ਵੇਂ ਪ੍ਰਕਾਸ਼ ਵਰ੍ਹੇ ਤੇ ਤੀਸਰਾ ਬਸੰਤ ਪੰਚਮੀਂ ਸ਼ਾਸਤਰੀ ਸੰਗੀਤ ਸੰਮੇਲਨ 5 ਫਰਵਰੀ 2017 ਨੂੰ ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਾਵਨ ਹਜ਼ੂਰੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਸਤਿਗੁਰੂ ਨਾਨਕ ਦੇਵ ਜੀ ਜਦੋਂ ਲੁਕਾਈ ਦੇ ਭਲੇ ਲਈ ਆਪਣੇ ਰਬਾਬੀ ਸਾਥੀ ਭਾਈ ਮਰਦਾਨਾ ਨੂੰ ਨਾਲ ਲੈਂਦੇ ਹੋਏ ਨਿਕਲਦੇ ਹਨ ਤਾਂ ਸੰਗੀਤ ਦੀ ਯਾਤਰਾ ਵੀ ਨਾਲ ਹੀ ਆਰੰਭ ਹੁੰਦੀ ਹੈ। ਰਬਾਬ ਦੀਆਂ ਸੁਰਾਂ ਤੇ ਗੁਰੂ ਸਾਹਿਬ ਰੱਬੀ ਬਾਣੀ ਦਾ ਇਲਹਾਮ ਕਰਦਿਆਂ ਜਗਤ ਜਲੰਦੇ ਨੂੰ ਸ਼ੁੱਭ ਉਪਦੇਸ਼ ਬਖਸ਼ਦੇ ਹਨ। ਪੰਜਵੇਂ ਨਾਨਕ ਸਾਹਿਬ ਸਤਿਗੁਰੂ ਅਰਜਨ ਦੇਵ ਜੀ ਆਪਣੇ ਕਿਰਤੀ ਸਿੱਖਾਂ ਦੇ ਹੱਥਾਂ ਵਿੱਚ ਵੀ ਸਾਜ਼ ਦੇ ਖੁਦ ਸਾਰੰਦਾ ਵਜਾ ਕੀਰਤਨ ਦੀ ਅਗਵਾਈ ਕਰਦੇ ਹਨ। ਜੰਗਾਂ ਯੁੱਧਾਂ ਦੇ ਭਿਆਨਕ ਸਮਿਆਂ ਦੌਰਾਨ ਜਦੋਂ ਦੁਸ਼ਮਣ ਚਾਰੇ ਪਾਸੇ ਖੂਨ ਦਾ ਪਿਆਸਾ ਬਣ ਘੇਰਾ ਬਣਾਈ ਖੜੋਤਾ ਹੈ ਤਾਂ ਦਸ਼ਮੇਸ਼ ਪਿਤਾ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਅਮ੍ਰਿਤ ਵੇਲੇ ਦੀ ਆਸਾ ਦੀ ਵਾਰ ਦਾ ਇਲਾਹੀ ਕੀਰਤਨ ਨਹੀਂ ਖੁੰਝਣ ਦੇਂਦੇ। (ਬਾਕੀ ਸਫਾ 4 'ਤੇ)



**ਜਗਜੀਤ ਨਗਰ ਵਿਖੇ ਮਾਤਾ ਚੰਦ ਕੌਰ ਜੀ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਾ ਅਨੰਦ ਪ੍ਰਾਪਤ ਕਰਦੀ ਸਾਧ ਸੰਗਤ।**

# ਵਿਸ਼ਾਲ ਸਿਮ੍ਰਤੀ ਸਮਾਗਮ... (ਬਾਕੀ ਸਫਾ 1 ਦੀ)

ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਵਿਚ 5.20 ਮਿੰਟ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸੁਰਮੁਖ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। 7.30 ਵਜੇ ਆਸਾ ਦੀ ਵਾਰ ਦੀ ਸਮਾਪਤੀ ਹੋਈ ਅਤੇ ਸਾਰਾ ਦਿਨ ਹੋਣ ਵਾਲੇ ਦਿਵਾਨ ਅਤੇ ਕਥਾ ਕੀਰਤਨ ਦੇ ਪ੍ਰੋਗਰਾਮ ਦੀ ਅਨਾਊਂਸਮੈਂਟ ਕੀਤੀ ਗਈ। ਸਾਧ ਸੰਗਤ ਦਾ ਵਿਸ਼ਾਲ ਇਕੱਠ ਅਤੇ ਬਾਹਰ ਵਾਰ ਬਣੇ ਬਹੁਤ ਹੀ ਸੁੰਦਰ ਪੰਡਾਲ ਵਿਚ ਸ੍ਰੀ ਭੈਣੀ ਸਾਹਿਬ ਦੇ ਕਵੀਸਰ ਗੁਰਸੇਵਕ ਸਿੰਘ ਦੇ ਕਵੀਸ਼ਰੀ ਜਥੇ ਨੇ 10 ਵਜੇ ਦਿਵਾਨ ਦੀ ਆਰੰਭਤਾ ਕੀਤੀ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪੋ ਆਪਣੀ ਵਾਰੀ ਅਨੁਸਾਰ ਸਾਧ ਸੰਗਤ ਦੇ ਵਿਸ਼ਾਲ ਇਕਠ ਸਮੇਂ ਪੂਜਨੀਕ ਮਾਤਾ ਚੰਦ ਕੌਰ ਜੀ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਸੇਵਾ ਦੇ ਕਾਰਜਾਂ ਨੂੰ ਕਿਸ ਤਰ੍ਹਾਂ ਆਪਣੀ 85 ਸਾਲ ਦੀ ਆਯੂ ਵਿਚ ਲਗਾਤਾਰ ਨਿਰੰਤਰ ਜਾਰੀ ਰਖਿਆ। ਦੁਪਹਿਰ 2 ਤੋਂ 3 ਵਜੇ ਤੱਕ ਨਾਮ ਸਿਮਰਨ ਦੀ ਸਮਾਪਤੀ ਉਪਰੰਤ ਹਜ਼ੂਰੀ ਰਾਗੀ ਜਥੇ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸੁਰਮੁਖ ਸਿੰਘ ਨੇ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ। ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਮਾਤਾ ਜੀ ਦੀ ਯਾਦ ਵਿਚ ਪਾਏ ਗਏ।

ਉਪਰੰਤ ਸ਼ੁਰੂ ਹੋਇਆ ਸ਼ਰਧਾਂਜਲੀ ਸਮਾਰੋਹ ਜਿਸ ਵਿਚ ਬੋਲਦੇ ਹੋਏ ਹਰਿਆਣਾ ਦੇ ਸਾਬਕਾ ਮੰਤਰੀ ਅਤੇ ਬੀ. ਜੇ. ਪੀ. ਦੇ ਆਗੂ ਸ੍ਰੀ ਗਨੇਸ਼ੀ ਲਾਲ ਨੇ ਪੂਜਨੀਕ ਮਾਤਾ ਚੰਦ ਕੌਰ ਜੀ ਨੂੰ ਭਾਵ ਪੂਰਵਕ ਸ਼ਰਧਾਂਜਲੀ ਭੇਟ ਕੀਤੀ। ਕਵੀ ਬਲਦੇਵ ਸਿੰਘ ਵੜੈਚ ਅਤੇ ਕਾਕਾ ਆਸਾ ਸਿੰਘ ਨੇ ਇਕ ਇਕ ਕਵਿਤਾ ਮਾਤਾ ਜੀ ਦੀ ਯਾਦ ਵਿਚ ਪੜ੍ਹੀ। ਗੁਰਬਚਨ ਸਿੰਘ ਚੰਨ, ਡਾ. ਕੇ. ਵੀ. ਸਿੰਘ ਅਤੇ ਮਲਕੀਤ ਸਿੰਘ ਖੋਸਾ ਕਾਂਗਰਸੀ ਆਗੂ ਨੇ ਮਾਤਾ ਜੀ ਦੀ ਯਾਦ ਵਿਚ ਕੁਝ ਸ਼ਬਦ ਆਖੇ। ਹਰਿਆਣਾ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਹੁਡਾ ਉਚੇਚੇ ਤੌਰ ਤੇ ਇਸ ਸਮਾਗਮ ਵਿਚ ਪੰਜਾਬ ਪ੍ਰਦੇਸ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਸਮੇਤ ਹਾਜ਼ਰ ਹੋਏ। ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਹੋ ਰਹੇ ਇਸ ਸਮਾਗਮ ਸਮੇਂ ਸਾਧ ਸੰਗਤ ਨੂੰ ਸੰਬੋਧਨ ਕੀਤਾ। ਇਸ ਸਮੇਂ ਚੌਧਰੀ ਰਣਜੀਤ ਸਿੰਘ ਅਤੇ ਸਾਬਕਾ ਐਮ. ਐਲ. ਏ ਤਰਨ ਸਿੰਘ ਬੈਨੀਪਾਲ ਵੀ ਹਾਜ਼ਰ ਹੋਏ। ਇਸ ਸਮਾਗਮ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਸਾਰੇ ਨਗਰ ਦੀ ਸਾਧ ਸੰਗਤ ਨੇ ਬਾਖੂਬੀ ਨਿਭਾਈ। ਆਈ ਹੋਈ ਸਾਧ ਸੰਗਤ ਲਈ ਡੇਰਿਆਂ ਅਤੇ ਲੰਗਰ ਦੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਸਨ। ਮਾਤਾ ਜੀ ਦੀ ਯਾਦ ਵਿਚ ਹੋ ਰਹੇ ਇਸ ਸਮਾਗਮ ਸਮੇਂ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣੇ ਪਾਵਨ ਪਵਿੱਤਰ ਉਪਦੇਸ਼ ਵਿਚ ਫੁਰਮਾਇਆ ਕਿ **ਪੂਜਨੀਕ ਮਾਤਾ ਚੰਦ ਕੌਰ ਜੀ ਦੇ ਜੀਵਨ ਦੇ ਉਚ ਕਦਰਾਂ ਕੀਮਤਾਂ ਵਾਲੇ ਗੁਣ ਆਪਣੇ ਜੀਵਨ ਵਿਚ ਧਾਰਨ ਕਰਕੇ ਅਸੀਂ ਆਪਣਾ ਜੀਵਨ ਸਫਲ ਕਰ ਸਕਦੇ ਹਾਂ।**

ਇਸ ਤਰ੍ਹਾਂ ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਹੋਇਆ ਸਿਮ੍ਰਤੀ ਸਮਾਗਮ ਇਤਿਹਾਸਕ ਅਤੇ ਯਾਦਗਾਰੀ ਹੋ ਨਿਬੜਿਆ। **-ਸੂਬਾ ਬਲਵਿੰਦਰ ਸਿੰਘ ਝੱਲ**

# ਮੇਲਾ ਰਾਮਪੁਰਾ ਫੂਲ ਦੀਦਾਰ ਮਾਹੀ ਦਾ

**ਰਾਮਪੁਰਾ ਫੂਲ-** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 202ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਰਾਮਪੁਰਾ ਫੂਲ (ਬਠਿੰਡਾ) ਵਲੋਂ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ 34ਵਾਂ ਸ਼ਹੀਦੀ ਸਮਾਗਮ ਧੂਮ ਧਾਮ ਨਾਲ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਰਾਮਪੁਰਾ ਫੂਲ ਦੀ ਧਰਤੀ ਨੂੰ ਭਾਗ ਲਗਾਏ।

ਰਾਮਪੁਰਾ ਫੂਲ ਦਾ ਇਹ ਸਾਲਾਨਾ ਸਮਾਗਮ ਇਲਾਕੇ ਦੇ 15 ਸ਼ਹੀਦਾਂ ਦੀ ਯਾਦ ਵਿਚ ਕਰਵਾਇਆ ਜਾਂਦਾ ਹੈ। ਮਲੇਰਕੋਟਲਾ ਸਾਕੇ ਵਿਚ ਤੋਪਾਂ ਅਗੇ ਢੀਮਾਂ ਰੱਖਕੇ ਸ਼ਹੀਦ ਹੋਣ ਵਾਲੇ ਮਧਰੇ ਕੱਦ ਵਾਲੇ ਸ਼ਹੀਦ ਵਰਿਆਮ ਸਿੰਘ ਇਸੇ ਇਲਾਕੇ ਦੇ ਸਨ। ਰਾਏਕੋਟ ਸਾਕੇ ਦੇ ਤਿੰਨੋ ਸ਼ਹੀਦ ਇਸੇ ਇਲਾਕੇ ਪਿੰਡ ਪਿਥੋਂ ਦੇ ਸਨ। ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਅਤੇ ਸ਼ਹੀਦ ਰਤਨ ਸਿੰਘ ਨਾਈਵਾਲਾ (ਲੁਧਿਆਣਾ ਸਾਕਾ) ਵੀ ਰਾਮਪੁਰਾ ਫੂਲ ਇਲਾਕੇ ਦੇ ਸਨ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਲਾ-ਮਿਸਾਲ ਕੁਰਬਾਨੀਆਂ ਦਿੱਤੀਆਂ।

ਇਸ ਸਮਾਗਮ ਦੌਰਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦਿਤਾ (ਵੇਖੋ ਸਫਾ 3)

ਦੋ ਰੋਜ਼ਾ ਸਮਾਗਮ ਦੌਰਾਨ ਦੋਨੋਂ ਦਿਨ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਗੁਰਭਗਤ ਸਿੰਘ ਦੇ ਸਥਾਨਕ ਜਥੇ ਵਲੋਂ ਹੁੰਦਾ ਰਿਹਾ। ਪਹਿਲੇ ਦਿਨ ਜਥੇਦਾਰ ਕਮਾਲ ਸਿੰਘ ਕਮਾਲ ਨੇ ਹੱਲੇ ਦਾ ਦਿਵਾਨ ਲਗਾਇਆ ਅਤੇ ਭਗਵਾਨ ਸਿੰਘ ਅੜਬੰਗੀ ਨੇ



**ਰਾਮਪੁਰਾ ਫੂਲ ਮੇਲੇ ਦੀ ਸੇਵਾ ਕਰਾਉਣ ਵਾਲੇ ਨੌਜਵਾਨ ਸ੍ਰੀ ਸਤਿਗੁਰੂ ਜੀ ਤੋਂ ਬਖਸ਼ਿਸ਼ ਮੰਗਦੇ ਹੋਏ।**

ਕੂਕਾ ਅੰਦੋਲਨ ਦੌਰਾਨ ਆਜ਼ਾਦੀ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਬਾਖੂਬੀ ਸੁਣਾਇਆ। ਜਥੇਦਾਰ ਜੋਗਾ ਸਿੰਘ ਦੇ ਕਵੀਸ਼ਰੀ ਜਥੇ ਨੇ ਸ਼ਹੀਦਾਂ ਦੀਆਂ ਵਾਰਾਂ ਗਾਈਆਂ।

ਰਾਤ ਦੇ ਦਿਵਾਨ ਵਿਚ ਕਵੀਸ਼ਰ ਗੁਰਸੇਵਕ ਸਿੰਘ ਨੇ ਗੁਰੂ ਹਰਕ੍ਰਿਸ਼ਨ ਜੀ ਬਾਰੇ ਬੜੇ ਵਿਸਥਾਰ ਨਾਲ ਗੁਰ ਇਤਿਹਾਸ ਤੇ ਚਾਨਣਾ ਪਾਇਆ ਅਤੇ ਫਿਰ ਸੂਬਾ ਸੰਦੀਪ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਦਿਵਾਨ ਸਜਾਇਆ ਅਤੇ ਸੰਗਤਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਸੁਣਾ ਕੇ ਵੈਰਾਗੀ ਕਰ ਦਿੱਤਾ।

ਦੂਸਰੇ ਦਿਨ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਦੇ ਕਵੀਸ਼ਰੀ ਜਥੇ ਨੇ ਕੂਕਾ ਅੰਦੋਲਨ ਦੇ ਸ਼ਹੀਦਾਂ ਦਾ ਇਤਿਹਾਸ ਸੁਣਾਇਆ ਅਤੇ ਜਥੇਦਾਰ ਕਮਾਲ ਸਿੰਘ ਨੇ ਹੱਲੇ ਦਾ ਦਿਵਾਨ ਲਗਾਇਆ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਵੇਰੇ 10 ਵਜੇ ਰਾਮਪੁਰਾ ਫੂਲ ਦੀ ਧਰਤੀ ਨੂੰ ਭਾਗ ਲਗਾਏ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਸਵਾਗਤ ਨੌਜਵਾਨਾਂ ਵਲੋਂ ਸਤਿਗੁਰੂ ਜੀ ਦੀਆਂ ਗੱਡੀਆਂ ਅੱਗੇ ਮੋਟਰ ਸਾਈਕਲਾਂ ਲਾਕੇ ਹੱਥਾਂ ਵਿਚ ਚਿੱਟੇ ਝੰਡੇ ਫੜ ਕੇ ਕੀਤਾ ਗਿਆ।

ਸਮਾਗਮ ਦੌਰਾਨ ਸਿਮਰਨ ਕੌਰ, ਮਹਿਕਪ੍ਰੀਤ ਕੌਰ ਅਤੇ ਅਨੂਪ੍ਰੀਤ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਕਵਿਤਾਵਾਂ ਪੜ੍ਹੀਆਂ।

ਸ੍ਰੀ ਸਤਿਗੁਰੂ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਸੂਬਾ ਸੁਰਿੰਦਰ ਕੌਰ ਖਰਲ ਨੇ ਰਾਮਪੁਰਾ ਫੂਲ ਇਲਾਕੇ ਦੇ ਸ਼ਹੀਦਾਂ ਅਤੇ ਉਹਨਾਂ ਦੇ ਪਰਿਵਾਰਾਂ ਬਾਰੇ ਜਾਣਕਾਰੀ ਦਿੱਤੀ।

**ਸੂਬਾ ਬਲਵਿੰਦਰ ਸਿੰਘ ਝੱਲ** ਨੇ ਆਖਿਆ ਕਿ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਪ੍ਰਾਪਤੀ ਲਈ ਝੰਡਾ ਚੁੱਕਿਆ ਤਾਂ ਸਤਿਗੁਰੂ ਜੀ ਦੇ ਬਾਣੀ ਰੂਪੀ ਬਾਣ ਨਾਲ ਪਿੰਡਾਂ ਦੇ ਪਿੰਡ ਲੋਕ ਨਾਮਧਾਰੀ ਸਜ ਗਏ। ਲੋਕ ਸਰਦਾਰੀਆਂ, ਜ਼ਮੀਨਾਂ ਜਾਇਦਾਦਾਂ, ਨੌਕਰੀਆਂ ਛੱਡ ਕੇ ਕੂਕਾ ਅੰਦੋਲਨ ਨੂੰ ਸਮਰਪਿਤ ਹੋ ਗਏ ਅਤੇ ਦੇਸ਼ ਅਤੇ ਧਰਮ ਦੀ ਖਾਤਿਰ ਫਾਂਸੀਆਂ ਤੇ ਲਟਕ ਗਏ ਅਤੇ ਤੋਪਾਂ ਅੱਗੇ ਤੂੰਬਾ ਤੂੰਬਾ ਹੋ ਉਡ ਗਏ।

**ਸੇਵਕ ਹਰਪਾਲ ਸਿੰਘ** ਨੇ ਇਤਿਹਾਸਕ ਦਸਤਾਵੇਜ਼ਾਂ ਅਤੇ ਪੁਰਾਤਨ ਕਾਵਿ ਰਚਨਾਵਾਂ ਦੇ ਵੇਰਵੇ ਨਾਲ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰ ਕੇ ਧਰਮ ਨੂੰ, ਸਿੱਖੀ ਨੂੰ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਖੋਈ ਜਾ ਚੁੱਕੀ ਮਰਯਾਦਾ ਨੂੰ ਮੁੜ ਸਥਾਪਤ ਕੀਤਾ। ਲੋਕੀਂ ਲੋਭ ਲਾਲਚ ਛੱਡ ਕੇ, ਨਿਰਸਵਾਰਥ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਥੱਲੇ ਆ ਨਿੱਤਰੇ ਅਤੇ ਮਾਲਵੇ ਦੇ ਥੋਕ ਵਿਚ ਕੁਰਬਾਨੀਆਂ ਕੀਤੀਆਂ। ਮਾਲਵੇ ਦੇ ਸਾਦਗੀ ਭਰਪੂਰ ਲੋਕਾਂ ਵਿਚ ਸ਼ਰਧਾ, ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਸਤਿਗੁਰੂ ਰਾਮ ਸਿੰਘ ਜੀ ਇਸਤਰੀਆਂ ਦੇ ਪਹਿਲੇ ਮੁਕਤੀ ਦਾਤਾ ਦੇ ਰੂਪ ਵਿਚ ਪ੍ਰਗਟ ਹੋਏ। ਉਹਨਾਂ ਕੁੜੀ ਮਾਰਨ, ਵੇਚਣ, ਵੱਟਾ ਕਰਨ ਤੇ ਪਾਬੰਦੀ ਲੱਗਾ (ਬਾਕੀ ਸਫਾ 5 ’ਤੇ)

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ


## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ

*ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮਫ਼ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।*

## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦੱਸੋ

*ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।*

❖❖❖



# ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਅਸੀਂ ਮਾਣ ਨਾਲ ਕਹਿ ਸਕਦੇ ਹਾਂ ਅਸੀਂ ਸਿੱਖ ਹਾਂ



*"ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ ਉਸ ਸਿਖੀ ਨਾਲ ਜੋੜਕੇ ਰੱਖਿਆ ਤੇ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਭੁੱਲਣ ਨਹੀਂ ਦਿੱਤੀ।*

*ਇਹ ਧੰਨ ਭਾਗ ਨੇ ਰਾਮਪੁਰਾ ਫੂਲ ਦੀ ਸੰਗਤ ਦੇ, ਕਮੇਟੀ ਦੇ ਜਿਹੜੇ ਉਦਮ ਕਰਦੇ ਨੇ, ਉਦਮ ਕਰਕੇ ਇਹ ਹਰ ਸਾਲ ਮੇਲਾ ਕਰਦੇ ਨੇ। ਮੇਲਾ ਕਰਕੇ ਸਾਨੂੰ ਉਸ ਮਹਾਨ ਸਤਿਗੁਰੂ ਦੀ ਯਾਦ ਆਉਂਦੀ ਏ, ਸਾਨੂੰ ਉਹਨਾਂ ਸ਼ਹੀਦਾਂ ਦੀ ਯਾਦ ਆਉਂਦੀ ਏ ਜਿੰਨ੍ਹਾਂ, ਦੇ ਕਰਕੇ ਅੱਜ ਇਹ ਦੇਸ਼ ਆਜ਼ਾਦ ਹੈ, ਜਿੰਨਾਂ ਕਰਕੇ ਅੱਜ ਅਸੀਂ ਵੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।*

*ਬਹੁਤ ਤੁਸੀਂ ਉਦਮ ਕੀਤੈ ਇਹ ਜਗ੍ਹਾ ਵੀ ਤੁਸੀਂ ਸਾਰਿਆਂ ਬਣਾਈ ਹੈ। ਇਥੇ ਕੋਈ ਬਹੁਤ ਵੱਡਾ ਸੇਠ ਨਹੀਂ, ਬਹੁਤ ਵੱਡੇ ਕੋਈ ਫੈਕਟਰੀ ਵਾਲੇ ਨਹੀਂ, ਸੱਚੇ ਪਾਤਸ਼ਾਹ ਕਿਰਪਾ ਕਰਨ ਉਹ ਵੀ ਹੋਣ। ਆਪਣੇ ਸਿੱਖਾਂ ਨੂੰ ਉਹ ਮਾਇਆ ਦੇਣ, ਬਖਸ਼ਿਸ਼ ਕਰਨ ਸੱਚੇ ਪਾਤਸ਼ਾਹ ਸਾਰੇ ਸੁਖੀ ਹੋਣ। ਤੁਸੀਂ ਸਾਰਿਆਂ ਨੇ ਆਪਣੀ ਵਿਤ ਤੋਂ ਬਾਹਰ ਮਿਹਨਤ ਕਰਕੇ ਇਹ ਜਗ੍ਹਾ ਬਣਾਈ ਏ, ਮੇਲਾ ਕਰਦੇ ਓ। ਮੇਲਿਆਂ ਨਾਲ ਬੱਚਿਆਂ ਨੂੰ ਪਤਾ ਲਗਦੈ ਕਿ ਸਿੱਖੀ ਕੀ ਹੁੰਦੀ ਏ, ਸੇਵਾ ਕਿਵੇਂ ਕਰਨੀ ਐ, ਬੱਚੇ ਗੁਰ ਇਤਿਹਾਸ ਸੁਣਦੇ ਨੇ। ਉਹਨਾਂ ਨੂੰ ਪਤਾ ਲਗਦੈ ਸਾਡਾ ਪਿਛੋਕੜ, ਸਾਡਾ ਇਤਿਹਾਸ ਕਿੰਨਾ ਉਚੈ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਅਸੀਂ ਸਿੱਖ ਹਾਂ।"*

*-ਰਾਮਪੁਰਾ ਫੂਲ (ਬਠਿੰਡਾ)*

# ਤੀਸਰਾ ਸੰਗੀਤ ਸੰਮੇਲਨ...(ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਜੀ ਅਤੇ ਦਰਸ਼ਕ ਸੰਗੀਤ ਸੰਮੇਲਨ ਦਾ ਅਨੰਦ ਮਾਣਦੇ ਹੋਏ।**

ਕਲਗੀਧਰ ਪਾਤਿਸ਼ਾਹ ਦੀ ਉੱਚੀ ਸੁੱਚੀ ਕਦਰਾਂ ਕੀਮਤਾਂ ਵਾਲੀ ਵਿਸਰ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਦਾ ਬੀੜਾ ਚੁੱਕਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਜਿੱਥੇ ਸਮਾਜਿਕ ਕੁਰੀਤੀਆਂ ਤੇ ਭਾਰਤ ਉੱਪਰ ਕਾਲੇ ਬੱਦਲਾਂ ਵਾਂਗ ਛਾਏ ਬਰਤਾਨਵੀ ਹਕੂਮਤ ਦੇ ਰਾਜ ਵਿਰੁੱਧ ਬਿਗਲ ਵਜਾਉਂਦੇ ਹਨ ਤਾਂ ਉਹਨਾਂ ਦੇ ਸਿੱਖ ਸੰਗੀਤ ਦੇ ਤਾਲ ਪੱਖ ਢੋਲਕੀਆਂ ਛੈਣਿਆਂ ਦੀ ਮਸਤ ਕਰ ਦੇਣ ਵਾਲੀ ਥਾਪ ਤੇ ਛਣਕਾਰ ਦੁਆਰਾ ਪਿੰਡਾਂ ਸ਼ਹਿਰਾਂ ਤੇ ਨਗਰਾਂ ਚ ਜਾ ਜਾ ਕੇ ਜਿੱਥੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਹਨ ਓਥੇ ਅਸਮਾਨ ਛੂੰਹਦੀਆਂ ਉੱਚੀਆਂ ਸੁਰਾਂ ਵਿੱਚ ਕੂਕਦਿਆਂ ਹੱਲੇ ਦੀਆਂ ਰੀਤਾਂ ਦੇ ਸ਼ਬਦ ਪੜ੍ਹ ਲੋਕਾਂ ਨੂੰ ਅੰਗਰੇਜ਼ਾਂ ਦੇ ਵਿਰੁੱਧ ਖੜ੍ਹਨ ਲਈ ਪ੍ਰੇਰਦੇ ਹਨ।ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਦਸ਼ਮੇਸ਼ ਪਿਤਾ ਹੋਲੀ ਨੂੰ ਹੋਲੇ ਦੇ ਰੂਪ ਵਿੱਚ ਤਬਦੀਲ ਕਰਦੇ ਹਨ ਬੀਰ ਰਸੀ ਬਾਣੀ ਦਾ ਉਚਾਰਨ ਕਰਦੇ ਹਨ ਤੇ ਸਤਿਗੁਰੂ ਰਾਮ ਸਿੰਘ ਜੀ ਹੱਲੇ ਦੇ ਰੂਪ ਵਿੱਚ ਜੋਸ਼ੀਲੇ ਕੀਰਤਨ ਦਾ ਆਰੰਭ ਕਰਦੇ ਹਨ ਉਹਨਾਂ ਦੇ ਸਿੱਖ ਦਸ਼ਮੇਸ਼ ਪਿਤਾ ਦੀ ਬੀਰ ਰਸੀ ਬਾਣੀ ਬੜੇ ਜੋਸ਼ ਵਿੱਚ ਪੜ੍ਹਦੇ ਹਨ।ਆਪ ਆਸਾ ਦੀ ਵਾਰ ਦਾ ਕੀਰਤਨ ਵੀ ਵਾਰੇ ਦੀ ਸ਼ੈਲੀ ਵਿੱਚ ਪ੍ਰਾਰੰਭ ਕਰਦੇ ਹੋਏ ਇੱਕ ਨਵਾਂ ਆਯਾਮ ਬਖਸ਼ਦੇ ਹਨ ਜੋ ਕਿ ਆਪਣੇ ਆਪ ਵਿੱਚ ਇੱਕ ਅਨੂਠੀ ਸ਼ੈਲੀ ਹੈ।ਆਪਣੇ ਤੇ ਹੋਏ ਅਸਿਹ ਜ਼ੁਲਮਾਂ ਨੂੰ ਵੀ ਖਿੜੇ ਮੱਥੇ ਪ੍ਰਵਾਨਦੇ ਹੋਏ ਨਾਮਧਾਰੀ ਸਿੱਖ ਇਹ ਪੜ੍ਹਦਿਆਂ ਕਿ " ਗੋਰੇ ਹਿੱਲ ਗਏ ਹੱਲੇ ਦੇ ਸ਼ਬਦ ਸੁਣ ਕੇ,ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।ਗੋਲੇ ਤੋਪਾਂ ਦੇ ਨਰਕ ਦੀ ਅੱਗ ਵਰਗੇ,ਠੰਡੇ ਠਾਰ ਕੀਤੇ ਢੋਲਕ ਛੈਣਿਆਂ ਨੇ" ਚੜ੍ਹਦੀ ਕਲਾ ਦਾ ਸੰਦੇਸ਼ ਦੇਂਦੇ ਹਨ।ਫਾਂਸੀਆਂ ਦੇ ਰੱਸੇ ਚੁੰਮਣ ਤੋਂ ਪਹਿਲੋਂ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਹਾਕਮਾਂ ਨੂੰ ਆਪਣੀ ਆਖਰੀ ਇੱਛਾ ਵਿੱਚ ਇਹੀ ਦੱਸਦੇ ਹਨ ਕਿ ਉਹ ਆਪਣੇ ਗਲਾਂ ਵਿੱਚ ਫਾਂਸੀ ਦਾ ਰੱਸਾ ਪਾਉਣ ਤੋਂ ਪਹਿਲੋਂ ਢੋਲਕ ਛੈਣਿਆਂ ਨਾਲ ਦੀ ਸੰਗੀਤਕ ਧੁਨੀ ਤੇ ਗੁਰਬਾਣੀ ਦੇ ਸ਼ਬਦ ਪੜ੍ਹਨਗੇ ਤੇ ਕਰਦੇ ਉਵੇਂ ਹੀ ਕਰਦੇ ਸ਼ਹਾਦਤ ਦਾ ਜਾਮ ਪੀਂਦੇ ਹਨ।ਭਾਵ ਸੰਗੀਤ ਕਿਸੇ ਵੀ ਸਮੇਂ ਵਿੱਚ ਤੇ ਕਿਸੇ ਵੀ ਸਥਿਤੀ ਵਿੱਚ ਤੁਹਾਨੂੰ ਪਰਮ ਪਿਤਾ ਨਾਲ ਇੱਕ ਮਿੱਕ ਹੋਣ ਦਾ ਰਾਸਤਾ ਹੈ।ਪ੍ਰਦੇਸ ਗਮਨ ਸਮੇਂ ਰੰਗੂਨ ਦੀ ਜੇਲ ਵਿੱਚ ਬੈਠੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਨੂੰ ਭੇਜੇ ਹੁਕਮਨਾਮੇ ਵਿੱਚ ਵਿਸ਼ੇਸ਼ ਤੌਰ ਤੇ ਲਿਖਦੇ ਹਨ, "ਹਰ ਦਿਨ ਸਬਦ ਕੀਰਤਨ ਕਰਨਾ"।ਅਤਿ ਦੀਆਂ ਸਖਤੀਆਂ ਦੇ ਬਾਵਜੂਦ ੨੨ ਜੋੜੀਆਂ ਰਾਗੀਆਂ ਦੀਆਂ ਸਤਿਗੁਰੂ ਹਰੀ ਸਿੰਘ ਜੀ ਦੇ ਦਰਬਾਰ ਚ ਹਨ,ਸਤਿਗੁਰੂ ਪ੍ਰਤਾਪ ਸਿੰਘ ਜੀ ਖੁਦ ਦਿਲਰੁਬਾ ਵਜਾਉਂਦੇ ਤੇ ਸੰਗੀਤਕਾਰਾਂ ਨੂੰ ਸੁਣਦੇ ਆਪਣੇ ਸਾਹਿਬਜ਼ਾਦਿਆਂ ਤੇ ਸਿੱਖਾਂ ਨੂੰ ਗੁਰੂ ਘਰ ਦੀਆਂ ਪੁਰਾਤਨ ਰੀਤਾਂ ਸਿਖਵਾਉਂਦੇ ਤੇ ਸੰਭਾਲਦੇ ਹਨ। ਰਾਗੀਆਂ,ਕੀਰਤਨੀਆਂ ਨੂੰ ਸਨਮਾਨਿਤ ਕਰਦੇ ਹਨ।ਗੁਰਮਤਿ ਸੰਗੀਤ ਤੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਸੰਰੱਖਿਅਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਸੰਗੀਤ ਦੀ ਦੁਨੀਆਂ ਨੂੰ ਅਨੂਠੀ ਤੇ ਕਹਿਣ ਕਥਨ ਤੋਂ ਬਾਹਰੀ ਹੈ।ਆਪ ਨੇ ਗੁਰਮਤਿ ਅਤੇ ਸ਼ਾਸਤਰੀ ਸੰਗੀਤ ਦੀ ਸੰਭਾਲ ਜਿਸ ਢੰਗ ਨਾਲ ਕੀਤੀ ਹੈ ਉਸ ਬਾਰੇ ਮਹਾਨ ਸਰੋਦ ਵਾਦਕ ਉਸਤਾਦ ਅਮਜ਼ਦ ਅਲੀ ਖਾਨ ਕਹਿੰਦੇ ਹਨ ਕਿ " ਸੰਗੀਤ ਦੀ ਸੰਭਾਲ ਜਾਂ ਤਾਂ ਕੋਈ ਬਾਦਸ਼ਾਹ ਕਰ ਸਕਦਾ ਹੈ ਤੇ ਜਾਂ ਕੋਈ ਫਕੀਰ,ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਵੀ ਹਨ ਤੇ ਫਕੀਰ ਵੀ"। ਪੰਜਾਬੀ ਦੇ ਮਹਾਨ ਸ਼ਾਇਰ ਸੁਰਜੀਤ ਪਾਤਰ ਦਾ ਕਥਨ ਹੈ, " ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਨੂੰ ਸਰਦਾਰ ਦੇ ਨਾਲ ਨਾਲ ਸੁਰਦਾਰ ਵੀ ਬਣਾਇਆ ਹੈ"।

ਸੰਗੀਤ ਦੀ ਇਸੇ ਯਾਤਰਾ ਨੂੰ ਅੱਗੇ ਤੋਰਦਿਆਂ ਹੋਇਆਂ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਦੇਸ਼ ਵਿਦੇਸ਼ ਵਿੱਚ ਝੜੀ ਲਗਾ ਦਿੱਤੀ ਹੈ।ਖਰਚ ਖੇਚਲ ਜਿੰਨ੍ਹਾਂ ਵੀ ਹੋਵੇ ਏਸ ਦਰਬਾਰ ਵਿੱਚ ਕੋਈ ਪ੍ਰਵਾਹ ਨਹੀਂ ਬਸ ਸੰਗੀਤ ਕਰਨ ਵਾਲੇ ਸੰਗੀਤਕਾਰ ਖੁਸ਼ਹਾਲ ਹੋਣ ਤੇ ਉਹਨਾਂ ਦਾ ਸੰਗੀਤ ਸੁਣ ਕੇ ਇਹ ਦੁਨੀਆਂ ਪ੍ਰਮਾਤਮਾ ਦੁਆਰਾ ਬਖਸ਼ੀ ਗਈ ਇਸ ਅਦਭੁੱਤ ਕੋਮਲ ਕਲਾ ਵਿੱਚ ਰੰਗੀ ਜਾਵੇ ਹਰ ਪਾਸੇ ਪਿਆਰ ਮੁਹੱਬਤ ਨਾਲ ਇੱਕ ਸੁਰ ਹੋਏ ਲੋਕ ਨਫਰਤਾਂ ਭੁਲਾ ਦੇਣ।ਤਕਰੀਬਨ ਪਿਛਲੇ ਤਿੰਨਾਂ ਵਰ੍ਹਿਆਂ ਤੋਂ ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਪੰਚਮੀ ਦੇ ਦਿਨਾਂ ਵਿੱਚ ਨਾਮਧਾਰੀ ਸੰਗਤ ਲੁਧਿਆਣਾ ਨੂੰ ਬਸੰਤ ਪੰਚਮੀ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਉਣ ਦੀ ਆਗਿਆ ਬਖਸ਼ ਕੇ ਪੰਜਾਬ ਦੇ ਉਦਯੋਗਿਕ ਸ਼ਹਿਰ ਤੇ ਤੋਰ ਦੇ ਜਾਣੇ ਜਾਂਦੇ ਲੁਧਿਆਣਾ ਸ਼ਹਿਰ ਦੀ ਅਧੁਨਿਕਤਾ ਦੀ ਹੋੜ ਵਿੱਚ ਗੁਆਚ ਰਹੀ ਜਨਤਾ ਨੂੰ ਭਾਰਤੀ ਸ਼ਾਸਤਰੀ ਸੰਗੀਤ ਸੁਣਾ ਆਪਣੀਆਂ ਪ੍ਰੰਪਰਾਵਾਂ ਨਾਲ ਜੁੜੇ ਰਹਿਣ ਲਈ ਉਹੀ ਉਪਰਾਲਾ ਕੀਤਾ ਹੈ ਜਿਸ ਦੀ ਨੀਂਹ ਸਤਿਗੁਰੂ ਜਗਜੀਤ ਸਿੰਘ ਜੀ ਰੱਖ ਗਏ ਹਨ।ਮੰਨੇ-ਪ੍ਰਮੰਨੇ ਉੱਚ ਕੋਟੀ ਦੇ ਸ਼ਾਸਤਰੀ ਸੰਗੀਤਕਾਰ ਇਸ ਸੰਮੇਲਨ ਦੌਰਾਨ ਸ੍ਰੀ ਹਜ਼ੂਰ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਵਾ ਆਪਣੀ ਕਲਾ ਦੇ ਜ਼ੋਹਰ ਵਿਖਾ ਚੁੱਕੇ ਹਨ।

**੫ ਫਰਵਰੀ ੨੦੧੭ ਅੱਜ ਐਤਵਾਰ** ਦਾ ਦਿਨ ਸੀ ਤੇ ਇੰਦਰ ਦੇਵ ਸਵੇਰ ਦਾ ਮਲਹਾਰ ਗਾ ਰਿਹਾ ਸੀ ।ਸ੍ਰੀ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਜਿੱਥੇ ਸ਼ਾਮ ਨੂੰ ਸੰਗੀਤ ਸੰਮੇਲਨ ਆਰੰਭ ਹੋਣਾਂ ਸੀ ਦੇ ਵਹਿੜੇ ਵਿੱਚ ਅਸਮਾਨੋਂ ਡਿੱਗੇ ਗੜੇ ਵੀ ਪ੍ਰੋਗਰਾਮ ਦੀ ਤਿਆਰੀ ਤੇ ਸੰਗਤ ਦੇ ਚਾਅ ਵਿੱਚ ਕੋਈ ਅੜਿੱਕਾ ਨਹੀਂ ਸੀ ਜਾਪ ਰਹੇ।ਸੂਬਾ ਹਰਭਜਨ ਸਿੰਘ ਜੀ ਤੇ ਪ੍ਰਧਾਨ ਗਿਆਨੀ ਜੋਗਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਵਿੱਚ ਸਭ ਚਾਈਂ ਚਾਈਂ ਮਿਲੀ ਸੇਵਾ ਵਿੱਚ ਰੁੱਝੇ ਹੋਏ ਸਨ।ਸ੍ਰੀ ਗੁਰੂ ਨਾਨਕ ਦੇਵ ਭਵਨ ਨੂੰ ਸ਼ਿੰਗਾਰਿਆ ਜਾ ਰਿਹਾ ਸੀ।ਭਵਨ ਦੇ ਮੁੱਖ ਦਰਵਾਕੇ ਦੇ ਖੱਬੇ ਹੱਥ ਵਾਲੀ ਵਲਗਣ ਵਿੱਚ ਟੈਂਟ ਲਗਾ ਕੇ ਗੁਰੂ ਕੇ ਲੰਗਰ ਦਾ ਇੰਤਜ਼ਾਮ ਕੀਤਾ ਗਿਆ ਸੀ ਜੋ ਪ੍ਰੋਗਰਾਮ ਦੇ ਅਖੀਰ ਵਿੱਚ ਆਈਆਂ ਸੰਗਤਾਂ ਤੇ ਸੰਗੀਤ ਪ੍ਰੇਮੀਆਂ ਦੇ ਛਕਣ ਨੂੰ ਮਿਲਣਾਂ ਸੀ।ਮੌਸਮ ਦੀ ਠੰਡਕ ਨੂੰ ਵੇਖਦਿਆਂ ਆਈ ਸੰਗਤ ਲਈ ਗਰਮ ਗਰਮ ਚਾਹਟੇ ਦੇ ਨਾਲ ਸੂਪ ਦਾ ਇੰਤਜ਼ਾਮ ਵੀ ਉਚੇਚਿਆਂ ਕੀਤਾ ਗਿਆ ਸੀ।ਹਾਲ ਤੋਂ ਬਾਹਰਲੇ ਸੇਵਾਦਾਰਾਂ ਦੇ ਵੇਖਣ ਲਈ ਇੱਕ ਵੱਡੀ ਸਕਰੀਨ ਲਗਾਈ ਗਈ ਸੀ ਤਾਂ ਜੋ ਉਹ ਸੇਵਾ ਕਰਦਿਆਂ ਵੀ ਪ੍ਰੋਗਰਾਮ ਦਾ ਆਨੰਦ ਮਾਣ ਸਕਣ।

**ਸ੍ਰੀ ਗੁਰੂ ਨਾਨਕ ਦੇਵ ਭਵਨ** ਤਕਰੀਬਨ ੩੦੦ ਕੁਰਸੀਆਂ ਦੀ ਸਮਰੱਥਾ ਵਾਲਾ ਆਡੀਟੋਰੀਅਮ ਹਾਲ ਲੁਧਿਆਣਾ ਸ਼ਹਿਰ ਦੇ ਕੇਂਦਰ ਵਿੱਚ ਬੱਸ ਸਟੈਂਡ ਦੇ ਲਾਗਲੇ ਭਾਰਤ ਨਗਰ ਚੌਂਕ ਵਿੱਚ ਪੰਜਾਬੀ ਭਵਨ ਦੀ ਇਮਾਰਤ ਦੇ ਨਾਲ ਸਥਿਤ ਹੈ।ਤਕਰੀਬਨ ੪੫ ਫੁੱਟ ਲੰਮੀ ਸਟੇਜ ਤੇ ਲਾਈਟਿੰਗ ਤੇ ਸਾਊਂਡ ਦਾ ਵਧੀਆ ਇੰਤਜ਼ਾਮ ਕੀਤਾ ਗਿਆ ਸੀ।ਪ੍ਰਬੰਧਕਾਂ ਵੱਲੋਂ ਸਟੇਜ ਦੇ ਦੋਵਾਂ ਪਾਸਿਆਂ ਤੇ ਪਿੱਛੇ ਤੀਕ ਸਪੱਸ਼ਟ ਵਿਖਾਈ ਦੇਣ ਲਈ ਐਲ ਈ ਡੀ ਡਿਸਪਲੇਅ ਦਾ ਪ੍ਰਬੰਧ ਕੀਤਾ ਗਿਆ ਸੀ।ਸਾਹਮਣੇ ਸਟੇਜ ਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਦੋ ਤਸਵੀਰਾਂ ਨਾਲ ਸੁਸੱਜਿਤ ਬੈਨਰ ਸ਼ੋਭਾ ਦੇ ਰਿਹਾ ਸੀ।ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਹੁਕਮ ਅਨੁਸਾਰ ਆਪ ਜੀ ਦੇ ਬੈਠਣ ਦਾ ਇੰਤਜ਼ਾਮ ਵੀ ਸਭ ਤੋਂ ਅੱਗੇ ਵਾਲੀ ਕਤਾਰ ਵਿੱਚ ਵਿਸ਼ੇਸ਼ ਕੁਰਸੀ ਲਗਾ ਕੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਸੀ।ਸਟੇਜ ਦੀ ਸਜਾਵਟ ਬੀਬੀ ਸੁਖਜੀਤ ਕੌਰ ਤੇ ਬੀਬੀ ਕੁਲਵੰਤ ਕੌਰ ਦੀ ਟੀਮ ਵੇਖ ਰਹੀ ਸੀ।ਹਾਲ ਦੀ ਐਂਟਰੀ ਗੇਟ ਤੇ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀਆਂ ਬੀਬੀਆਂ ਨੇ ਦੀਵਿਆਂ ਤੇ ਰੰਗੋਲੀ ਨਾਲ ੨੦੦ ਲਿਖਿਆ ਸੀ ਜੋ ਕਿ ੨੦੦ਵੇਂ ਪ੍ਰਕਾਸ਼ ਵਰ੍ਹੇ ਦੇ ਲੋਗੋ ਦਾ ਹੀ ਕੰਸੈਪਟ ਸੀ।

**ਇਤਿਹਾਸਕ ਚਿੱਤਰ ਪ੍ਰਦਰਸ਼ਣੀ :** ਭਵਨ ਦੇ ਕੋਰੀਡੋਰ ਵਿੱਚ ਨਾਮਧਾਰੀ ਇਤਿਹਾਸਕ ਚਿੱਤਰ ਪ੍ਰਦਰਸ਼ਣੀ ਲਗਾਈ ਗਈ ਸੀ ਜੋ ਸੰਖੇਪ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਭਾਰਤ ਦੀ ਜੰਗ ਏ ਆਜ਼ਾਦੀ ਲਈ ਚਲਾਈ ਕੂਕਾ ਮੂਵਮੈਂਟ ਨੂੰ ਮੂੰਹੋ ਬੋਲਦੇ ਚਿੱਤਰਾਂ ਦੁਆਰਾ ਦ੍ਰਿਸ਼ਟਾਂਤ ਕਰਦੀ ਸੀ।

**ਨਾਮਧਾਰੀ ਵਿਦਿਅਕ ਜਥਾ ਤੇ ਇਸਤਰੀ ਵਿਦਿਅਕ ਜਥਾ ਲੁਧਿਆਣਾ :** ਦੋਵੇਂ ਜਥਿਆਂ ਦੇ ਨੌਜਵਾਨ ਸਾਰੇ ਪ੍ਰੋਗਰਾਮ ਦੇ ਪ੍ਰਬੰਧ ਵਿੱਚ ਇੱਕਜੁਟ ਹੋ ਚਾਵਾਂ ਨਾਲ ਸੇਵਾ ਕਰ ਰਹੇ ਸਨ। ਪਾਰਕਿੰਗ, ਲੰਗਰ, ਸਕਿਓਰਟੀ, ਗਰੀਨ ਰੂਮ ਆਦਿ ਸਭ ਥਾਵਾਂ ਤੇ ਵਿਦਿਅਕ ਜਥੇ ਦੇ ਨੌਜਵਾਨ ਲੜਕੇ-ਲੜਕੀਆਂ ਆਪਣੇ ਗਲ਼ਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸੋਹਣੀ ਤਸਵੀਰ ਵਾਲਾ ਬੈਚ ਪਾ ਚੇਤੰਨ ਹੋਏ ਇੱਕ ਵਿਸ਼ੇਸ਼ ਅਨੁਸ਼ਾਸਨ ਦਾ ਨਿਰਾਲਾ ਪ੍ਰਦਰਸ਼ਣ ਕਰ ਰਹੇ ਸਨ।ਸ ਬਲਵੀਰ ਸਿੰਘ, ਬੀਬੀ ਸੁਖਵਿੰਦਰ ਕੌਰ ਦੋਵਾਂ ਜਥਿਆਂ ਦੇ ਪ੍ਰਧਾਨ ਨੌਜਵਾਨਾਂ ਨੂੰ ਨਿਰਦੇਸ਼ਿਤ ਕਰ ਰਹੇ ਸਨ।ਕੇਂਦਰੀ ਜਥੇ ਦੀ ਸਕੱਤਰ ਬੀਬੀ ਲਖਵਿੰਦਰ ਕੌਰ ਦੀ ਡਿਊਟੀ ਉਹਨਾ ਦੀ ਟੀਮ ਨਾਲ ਆਏ ਕਲਾਕਾਰਾਂ ਨੂੰ ਜਲ-ਪਾਨ ਛਕਾਉਣ ਦੀ ਸੀ।ਸ੍ਰੀ ਸਤਿਗੁਰੂ ਜੀ ਅਤੇ ਉਹਨਾਂ ਨਾਲ ਆਏ ਸੋਧੀ ਸੇਵਕਾਂ ਵਾਸਤੇ ਵੀ ਵਿਸ਼ੇਸ਼ ਤੌਰ ਤੇ ਲੰਗਰ ਦਾ ਇੰਤਜ਼ਾਮ ਕੀਤਾ ਗਿਆ ਸੀ।

**ਸ੍ਰੀ ਸਤਿਗੁਰੂ ਜੀ ਦਾ ਸਵਾਗਤ:** ਠੀਕ ੫:੩੦ ਵਜੇ ਸ਼ਾਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ,ਬੀਬੀ ਗੁਰਸ਼ਰਨ ਕੌਰ ਜੀ ਸ੍ਰੀ ਭੈਣੀ ਸਾਹਿਬ ਤੋਂ ਸਿੱਖਾਂ ਸੇਵਕਾਂ ਸਮੇਤ ਆਣ ਦਰਸ਼ਨ ਦਿੱਤੇ।ਆਪ ਜੀ ਦੇ ਸਵਾਗਤ ਲਈ ਸੰਤ ਸੁਰਿੰਦਰ ਸਿੰਘ ,ਸੂਬਾ ਹਰਭਜਨ ਸਿੰਘ,ਸ ਅਮਰਜੀਤ ਸਿੰਘ ਭੁਰਜੀ,ਗੁਰਬਚਨ ਸਿੰਘ ਲਵਲੀ,ਜੀ-ਪੀ ਸਿੰਘ ਮੀਤ ਪ੍ਰਧਾਨ ਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਫੁੱਲਾਂ ਦੇ ਗੁਲਦਸਤੇ ਲਈ ਹੱਥ ਜੋੜ ਖੜ੍ਹੋਤੇ ਸਨ।ਗਿਆਨੀ ਜੀ ਦੇ ਅਕਾਸ਼ ਗੂੰਜਾਉਂਦੇ ਜੈਕਾਰੇ ਨਾਲ ਹੀ ਸਤਿਗੁਰੂ ਜੀ ਸਭ ਦੀ ਨਮਸਕਾਰ ਤੇ ਗੁਲਦਸਤੇ ਪ੍ਰਵਾਨਦਿਆਂ ਹੋਇਆਂ ਹਾਲ ਚ ਆਣ ਆਪਣੇ ਆਸਣ ਤੇ ਸੁਭਾਇਮਾਨ ਹੋ ਸੋਭਾ ਪਾਣ ਲੱਗੇ।

**ਲਾਈਵ ਟੈਲੀਕਾਸਟ:** ਇਸ ਸਾਰੇ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਕਰਨ ਲਈ ਸੰਤ ਕਰਨਪਾਲ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਆਪਣੀ ਟੀਮ ਸਮੇਤ ਸੇਵਾ ਵਿੱਚ ਡਟੇ ਹੋਏ ਸਨ।ਸ੍ਰੀ ਭੈਣੀ ਸਾਹਿਬ ਦੀ ਵੈੱਬਸਾਈਟ ਅਤੇ ਫਾਸਟਵੇਅ ਟੀ ਵੀ ਚੈਨਲ ਤੇ ਇਹ ਲਾਈਵ ਵਿਖਾਇਆ ਜਾਣਾ ਸੀ।ਇਸ ਤੋਂ ਇਲਾਵਾ ਵੀ ਹੋਰ ਚੈਨਲਾਂ ਵਾਲੇ ਆਪਣੇ ਸਾਜੋ ਸਮਾਨ ਸਹਿਤ ਹਾਜਰ ਸਨ।

**ਸਟੇਜ ਸਕੱਤਰ:** ਸਟੇਜ ਸਕੱਤਰ ਦੀ ਸੇਵਾ ਸੁਖਵਿੰਦਰ ਸਿੰਘ ਲਾਇਲ ਨੇ ਨਿਭਾਉਂਦੇ ਹੋਏ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਦਿਆਂ ਅੱਜ ਦੇ ਪ੍ਰੋਗਰਾਮ ਦੀ ਸ਼ੁਰੂਆਇਤੀ ਰਸਮ ਲਈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਦੀਪ ਪ੍ਰਜਵਲਿਤ ਕਰਨ ਲਈ ਅਰਜ਼ ਕੀਤੀ।ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਨਾਲ ਸਤਿਕਾਰਯੋਗ ਬੀਬੀ ਗੁਰਸ਼ਰਨ ਕੌਰ ਜੀ ਨੇ ਜੋਤ ਪ੍ਰਜਵਲਿਤ ਕਰ ਇਸ ਸੰਗੀਤਕ ਸ਼ਾਮ ਦਾ ਆਗਾਜ਼ ਕੀਤਾ।ਪ੍ਰੋਗਰਾਮ ਤੋਂ ਪਹਿਲਾਂ ਨਾਮਧਾਰੀ ਇਸਤਰੀ ਵਿਦਿਅਕ ਜਥਾ ਦੀ ਬੀਬੀ ਭਾਗੋ ਕੌਰ ਨੇ ਪ੍ਰਭਾਵਸ਼ਾਲੀ ਤੇ ਖੋਜਕਾਰੀ ਸ਼ੈਲੀ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਪੰਜ ਮਿੰਟ ਦਾ ਇੱਕ ਲੈਕਚਰ ਦਿੱਤਾ।ਮੰਚ ਤੋਂ ਪਹਿਲੇ ਕਲਾਕਾਰ ਬੀਬੀ ਅਵਤਾਰ ਕੌਰ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਆਉਣ ਦੀ ਬੇਨਤੀ ਕੀਤੀ ਗਈ।

**ਬੀਬੀ ਅਵਤਾਰ ਕੌਰ 'ਸ਼ਰੁਤੀ' (ਗਾਇਨ):** ਅੱਜ ਦੇ ਪਹਿਲੇ ਕਲਾਕਾਰ ਸਨ ਭਾਰਤੀ ਸ਼ਾਸਤਰੀ ਸੰਗੀਤ ਦੇ ਪਟਿਆਲਾ ਘਰਾਣੇ ਦਾ ਮਹਾਨ ਗਾਇਕ ਪੰਡਿਤ ਅਜੈ ਚੱਕ੍ਰਵਰਤੀ ਜੀ ਦੀ ਸ਼ਾਗਿਰਦ ਬੀਬੀ ਅਵਤਾਰ ਕੌਰ ਉਰਫ ਸ਼ਰੁਤੀ। ਨਾਮਧਾਰੀ ਪਰਿਵਾਰ ਨਾਲ ਸੰਬੰਧਤ (ਬਾਕੀ ਸਫਾ 6 'ਤੇ)

# ਮੇਲਾ ਰਾਮਪੁਰਾ ਫੂਲ.....(ਬਾਕੀ ਸਫਾ 2 ਦੀ)



**ਸ੍ਰੀ ਸਤਿਗੁਰੂ ਜੀ ਰਾਮਪੁਰਾ ਫੂਲ ਮੇਲੇ ਸਮੇਂ ਦਰਸ਼ਨ ਦਿਦਾਰੇ ਬਖਸ਼ਦੇ ਹੋਏ।**

ਦਿੱਤੀ ਅਤੇ ਅਜਿਹੇ ਕੁਕਰਮ ਕਰਨ ਵਾਲੇ ਨੂੰ ਸੰਗਤਾਂ ਵਿਚ ਨਾ ਵੜਨ ਦਾ ਆਦੇਸ਼ ਜ਼ਾਰੀ ਕਰ ਦਿੱਤਾ। ਹਰਪਾਲ ਸਿੰਘ ਨੇ ਦੱਸਿਆ ਕਿ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਵਿਚੋਂ ਸਿਰਫ ਢਾਈ ਸਿੱਖ ਹੀ ਮਿਲੇ ਸਨ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੁਝ ਸਾਲਾਂ ਵਿਚ ਗੁਰਸਿਖੀ ਨੂੰ ਮੁੜ ਸੁਰਜੀਤ ਕੀਤਾ ਅਤੇ ਲੱਖਾਂ ਲੋਕਾਂ ਨੂੰ ਸਿੰਘ ਸਜਾ ਦਿੱਤਾ।

**ਕਥਾਕਾਰ ਨਿਸ਼ਾਨ ਸਿੰਘ** ਨੇ ਕੂਕਾ ਅੰਦੋਲਨ ਦੌਰਾਨ ਸ਼ਹੀਦਾਂ ਦੀ ਗੱਲ ਕਰਦਿਆਂ ਆਖਿਆ ਕਿ ਦੇਸ ਦੀ ਆਜ਼ਾਦੀ ਦਾ ਮਹਿਲ ਉਸਾਰਨ ਲਈ ਸਿੰਘ ਆਪਣੇ ਸਿਰ ਤੇ ਕਫਨ ਬੰਨ੍ਹ ਕੇ ਚਲੇ। ਉਹਨਾਂ ਆਜ਼ਾਦੀ ਦਾ ਮਹਿਲ ਉਸਾਰਨ ਲਈ ਨਿਉਂ ਵਾਲੀਆਂ ਇੱਟਾਂ ਦੀ ਥਾਂ ਤੇ ਆਪਣੇ ਸਿਰ ਲਾਏ। ਲਹੂ ਅਤੇ ਮਿੱਝ ਦਾ ਗਾਰਾ ਲਾ ਕੇ ਇੱਟਾਂ ਏਨੀ ਮਜ਼ਬੂਤੀ ਨਾਲ ਲਾਈਆਂ ਕਿ ਦੇਸ਼ ਆਜ਼ਾਦ ਹੋ ਗਿਆ। ਉਸੇ ਆਜ਼ਾਦੀ ਦਾ ਅੱਜ ਅਸੀਂ ਨਿੱਧ ਮਾਣ ਰਹੇ ਹਾਂ। ਉਹਨਾਂ ਆਖਿਆ ਕਿ ਰਾਮਪੁਰਾ ਫੂਲ ਦੀ ਧਰਤੀ ਤੇ ਸਤਿਗੁਰੂ ਜੀ ਦੀ ਬਖਸ਼ਿਸ਼ ਹੈ, ਕ੍ਰਿਪਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਸੁਣਾਉਂਦਿਆਂ ਉਹਨਾਂ ਦੱਸਿਆ ਕਿ ਕਿਵੇਂ ਸਿੱਧੂਆਂ ਦੀ ਕੌਮ ਦਾ ਕੋਈ ਘਰ ਬਾਰ ਨਹੀਂ ਸੀ, ਟਿਕਾਣਾ ਨਹੀਂ ਤੇ ਸਤਿਗੁਰਾਂ ਦੇ ਵਰ ਨਾਲ ਇਹ ਇਲਾਕਾ ਵਸਿਆ ਤੇ ਗੁਰੂ ਹਰਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਅਜਿਹੀਆਂ ਸਰਦਾਰੀਆਂ ਬਖਸ਼ੀਆਂ ਉਹਨਾਂ ਨੇ ਪਿੰਡ ਬੰਨ੍ਹੇ। ਪਿੰਡ ਮਹਿਰਾਜ ਵੀ ਗੁਰੂ ਹਰਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ ਨਾਲ ਬੱਝਿਆ ਅਤੇ ਇਹ ਸਿੱਧੂਆਂ ਦੇ ਮਹਿਰਾਜ ਪਿੰਡ ਵਿਚੋਂ ਹੀ ਸ਼ਹੀਦ ਵਰਿਆਮ ਸਿੰਘ ਸੀ ਜੋ ਮਲੇ ਰਕੋਟਲੇ ਵਿਖੇ ਕੱਦ ਮਧਰਾ ਹੋਣ ਕਰਕੇ ਤੋਪਾਂ ਅਗੇ ਇੱਟਾ ਬੱਟੇ ਰੱਖ ਕੇ ਤੋਪ ਦੇ ਬਰਾਬਰ ਹੋ ਸ਼ਹੀਦ ਹੋਇਆ ਸੀ। ਉਹਨਾਂ ਆਖਿਆ ਕਿ ਸ਼ਹੀਦ ਵਰਿਆਮ ਸਿੰਘ ਮਹਾਰਾਜਾ ਪਟਿਆਲੇ ਦੇ ਪਰਿਵਾਰ ਵਿਚੋਂ ਸਨ। ਅੱਜ ਉਹਨਾਂ ਮਹਾਰਾਜਿਆਂ ਨੂੰ ਕੋਈ ਯਾਦ ਨਹੀਂ ਕਰਦਾ ਸ਼ਹੀਦਾਂ ਦੇ ਦਿਨ ਮਨਾਏ ਜਾ ਰਹੇ ਹਨ।

ਇਸ ਸਮੇਂ ਸਤਿਗੁਰੂ ਜੀ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਨਜੀਤ ਸਿੰਘ ਬਿੱਟੀ ਨੂੰ ਸਿਰੋਪਾ ਬਖਸ਼ਿਸ਼ ਕੀਤਾ। ਸ. ਸਿੰਕਦਰ ਸਿੰਘ ਮਲੂਕਾ ਕੈਬਨਿਟ ਮੰਤਰੀ ਨੇ ਵੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਕਾਂਗਰਸ ਉਮੀਦਵਾਰ ਗੁਰਪ੍ਰੀਤ ਸਿੰਘ ਕਾਂਗੜ ਲੇਟ ਆਏ।

ਇਸ ਸਮੇਂ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਦੇ ਖਜਾਨਚੀ ਸੰਤ ਮੇਜਰ ਸਿੰਘ ਦੇ ਪੋਤਰੇ ਅਤੇ ਮਨਪ੍ਰੀਤ ਸਿੰਘ (ਜਿਹੜੇ ਕੂਕਾ ਮੂਵਮੈਂਟ ਗਰੁੱਪ ਚਲਾਉਂਦੇ ਹਨ) ਦੇ ਪੁੱਤਰ ਕਾਕਾ ਰਾਮ ਸਿੰਘ ਦੇ ਸਿਰ ਤੇ ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਦਸਤਾਰ ਸਜਾਈ।

ਇਸ ਭਾਰੀ ਸਮਾਗਮ ਵਿਚ ਸੂਬਾ ਹਰਭਜਨ ਸਿੰਘ ਲੁਧਿਆਣਾ, ਸੂਬਾ ਬਲਜੀਤ ਸਿੰਘ ਮਾਨਸਾ, ਸੂਬਾ ਗੁਰਮੇਲ ਸਿੰਘ ਰਾਏਸਰ, ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਬੀਰ ਸਿੰਘ ਢਿਲਵਾਂ, ਗੁਰਦੀਪ ਸਿੰਘ ਕੋਠਾ ਗੁਰੂਕਾ, ਸੂੋਬਾ ਗੁਰਦਾਸਪੁਰ, ਸੰਤ ਜਸਵੰਤ ਸਿੰਘ ਹਿੰਮਤਪੁਰਾ, ਪ੍ਰਧਾਨ ਗੁਰਮੁੱਖ ਸਿੰਘ ਰਹਿਬਰ, ਗਿਆਨੀ ਜੋਗਿੰਦਰ ਸਿੰਘ, ਪ੍ਰਧਾਨ ਸਰਦੂਲ ਸਿੰਘ, ਰਵਿੰਦਰ ਸਿੰਘ ਜੌਹਲ ਅੰਮ੍ਰਿਤਸਰ, ਸ. ਨਿਰਮਲ ਸਿੰਘ ਭੱਟੀ ਅਤੇ ਜਸਜੀਤ ਸਿੰਘ ਹੂੰਝਣ ਨੇ ਉਚੇਚੇ ਤੌਰ ਤੇ ਹਾਜ਼ਰੀ ਲੁਆਈ। ਲੰਗਰ ਗੁਰੂ ਕਾ ਅਤੁੱਟ ਵਰਤਿਆ।

**-ਡਾ. ਲਖਵੀਰ ਸਿੰਘ**


## MATRIMONIALS

**Wanted suitable and well educated match for Namdhari girl, 27, 5 feet 7 inches, B.A., Diploma in Computer Science.**
**Contact: 09815465171,08283907673 Post Box:1033**

❖❖❖

**Alliance invited for Namdhari boy,30, 5 feet 5 inches, B.A., M.A., ITI Instructor (from CTI) ,2 years experience in teaching line.**
**Contact:08284906633,09815154259 Post Box: 1034**

❖❖❖

**Suitable girl (minimum graduate) required for Namdhari boy,29, 5 feet 8 inches, +2, own business.**
**Contact: 09779984020 Post Box: 1035**

❖❖❖

**Wanted suitable match for Namdhari girl, 28, 5 feet 3 inches, +2, Diploma in Computer & Fashion Designing.**
**Contact: 08558019898 Post Box: 1036**

❖❖❖

**Wanted suitable match for Namdhari boy, 32, 6 feet, B.Com (Pass) own business.**
**Contact: 9810840321 Post Box: 1037**

**SATJUG**
**Namdhari Gurdwara Ramesh Nagar, New Delhi-15**
**e-mail : satjugweekly@gail.com**


SATJUG
ESTABLISHED IN 1920

# SELF DEFENCE

Around 115 Bishananians of Shaheed Bishan Singh Memorial Sr. Sec. School , Mansarover Garden , New Delhi along with Principal Mrs. Satwant Kaur , Teachers Mrs Neera Thakur(Co-ordinator ) , Ms.Jyoti , Mr. Gurpreet Singh and Ms. Rashmeet Kaur participated in the Self Defense Event at Khatu Shyam Stadium, Hari Nagar on 20.02.2017, organized by Delhi Police named as 'Sashakti' an initiative where girls would be trained in "Easy to Learn " and "use Self Defence Techniques " across the Capital. The Honorable chief guest of the occasion were Delhi Police Commissioner Sh. Amulya Patnaik along with Joint Commissioner of Police Sh. Dependra Pathak (. The event commenced with the display of Self Defence Techniques which depicted how youngsters should play safe and handle situations at the time of emergency, followed by Speech of Respectable Police authorities, street play and concluded with Award distribution ceremony. Beant Kaur of Class – X received Ist prize( Trophy and a Certificate of Excellence ) from West Zone in Art Competition Event Organized by Delhi Police .



**SBSM Team of Self Defence.**



**Bishananians Displayed self Defence Technique**



**Beant Kaur of Class 10 receiving Ist Prize form Delhi Police Commissioner Sh. Amulya Patnaik**

# ਤੀਸਰਾ ਸੰਗੀਤ ਸੰਮੇਲਨ...(ਬਾਕੀ ਸਫਾ 4 ਦੀ)

ਬੀਬੀ ਅਵਤਾਰ ਕੌਰ ਡਾ ਅਜਮੇਰ ਸਿੰਘ(ਸਿਤਾਰ ਵਾਦਕ) ਜਲੰਧਰ ਦੀ ਸਪੁੱਤਰੀ ਜਿਨਾਂ ਆਪਣੀ ਸੰਗੀਤ ਦੀ ਮੁਢਲੀ ਤਾਲੀਮ ਪ੍ਰੋਫੈਸਰ ਕਿਰਪਾਲ ਸਿੰਘ ਜੀ ਤੇ ਤਬਲੇ ਦੀ ਤਾਲੀਮ ਪੰਡਿਤ ਰਮਾਕਾਂਤ ਜੀ ਪਾਸੋਂ ਲਈ ਸਵ: ਪ੍ਰੋਫੈਸਰ ਵਰਿੰਦਰ ਕੁਮਾਰ ਜੀ ਪਾਸੋਂ ਸਿਤਾਰ ਦੀ ਸਿੱਖਿਆ ਵੀ ਪ੍ਰਾਪਤ ਕੀਤੀ।ਅਵਤਾਰ ਕੌਰ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਉਸ ਨਾਲ ਹਾਰਮੋਨੀਅਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਕਿਰਪਾ ਪਾਤਰ ਸੰਗੀਤਕਾਰ ਸ ਬਲਵੰਤ ਸਿੰਘ ਨਾਮਧਾਰੀ ਦਾ ਜਿਨਾਂ ਹਾਰਮੋਨੀਅਮ ਤੇ ਸਾਥ ਦੇਣਾ ਸੀ।ਨਾਮਧਾਰੀ ਦਰਬਾਰ ਦੇ ਹੀ ਹੋਣਹਾਰ ਬਨਾਰਸ ਘਰਾਣੇ ਦੇ ਤਬਲਾਵਾਦਕ ਪੰ ਨਾਰਾਇਣ ਪ੍ਰਸਾਦ ਜੀ ਤੇ ਪੰ ਰਾਮਜੀ ਮਿਸ਼ਰਾ ਦੇ ਸ਼ਾਗਿਰਦ ਸ ਹਰਪ੍ਰੀਤ ਸਿੰਘ ਨਾਮਧਾਰੀ ਨੇ ਤਬਲੇ ਤੇ ਸਾਥ ਦੇਣਾ ਸੀ।ਅਵਤਾਰ ਕੌਰ ਦਾ ਵੱਡਾ ਭਰਾ ਆਲਾ ਸਿੰਘ ਤੇ ਸ਼ਾਗਿਰਦ ਸਰਨ ਸਿੰਘ ਤਾਨਪੁਰਿਆਂ ਤੇ ਸਨ।ਤਾੜੀਆਂ ਅਤੇ ਫੁੱਲਾਂ ਦੇ ਗੁਲਦਸਤਿਆਂ ਨਾਲ ਕਲਾਕਾਰਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਕਈ ਥਾਵਾ ਤੇ ਆਪਣੇ ਗਾਇਨ ਦਾ ਪ੍ਰਦਰਸ਼ਣ ਕਰ ਚੁੱਕੀ ਅਵਤਾਰ ਕੌਰ ਨੇ ਸ੍ਰੀ ਸਤਿਗਰੁ ੂਜੀ ਪਾਸੋਂ ਆਗਿਆ ਮੰਗਦਿਆਂ ਬੇਨਤੀ ਕੀਤੀ ਕਿ ਅੱਜ ਆਪ ਜੀ ਦੀ ਕਿਰਪਾ ਨਾਲ ਦੂਸਰੀ ਵਾਰ ਆਪ ਜੀ ਦੀ ਹਜ਼ੂਰੀ ਵਿੱਚ ਪ੍ਰਸਤੁਤੀ ਕਰਨ ਦਾ ਸੁਨਿਹਰੀ ਮੌਕਾ ਮਿਲ ਰਿਹਾ ਹੈ,ਪਹਿਲੀ ਵਾਰ "ਸਤਿਗਰੂ ਜਗਜੀਤ ਸਿੰਘ ਸੰਗੀਤ ਸੰਮੇਲਨ" ਵਿੱਚ ਗਾਇਆ ਸੀ, ਸੋ ਕਿਰਪਾ ਬਖਸ਼ਿਸ਼ ਬਣਾਈ ਰੱਖਣੀਂ।ਆਗਿਆ ਲੈ ਅਵਤਾਰ ਕੌਰ ਨੇ ਆਪਣੀ ਪੇਸ਼ਕਾਰੀ ਰਾਗ ਕੋਸ਼ਿਕਧਵਨੀ ਵਿਲੰਬਤ ਏਕ ਤਾਲ ਤੋਂ ਆਰੰਭ ਕੀਤੀ।ਬੰਦਿਸ਼ ਦੇ ਬੋਲ ਸਨ, 'ਕਵਨ ਢੰਗ ਸੇ ਤੁਮ ਗਾਵਤ ਹੋ ਗੁਨੀ,ਸੁਰ ਨਰ ਮੁਨੀ ਅੰਤ ਨਹੀਂ ਪਾਇਓ ਤਿਹਾਰੋ"।ਇਸ ਤੋਂ ਬਾਅਦ ਦੋ ਬੰਦਿਸ਼ਾਂ ਤੀਨ ਤਾਲ ਧਰੁਤ ਵਿੱਚ, " ਅਜਹੂ ਨਾ ਆਇਓ ਬਾਲਮੁਆ,ਮੋਹਿ ਕਲ ਨਾ ਪੜਤ ਨਿਸਦਿਨਵਾ"ਅਤੇ "ਆਇਓ ਰੀ ਬਸੰਤ ਨਵਲ ਰੰਗ ਲਾਇਓ" ਗਾ ਕੇ ਅਖੀਰ ਰਾਗ ਪਹਾੜੀ ਦੀ ਰੂਪਕ ਤਾਲ ਵਿੱਚ ਠੁਮਰੀ ਗਾਇਨ ਕੀਤੀ ਬੋਲ ਸਨ, *"ਸਾਜਨਵਾ ਕਬ ਆਓਗੇ, ਮੈਂ ਕਿੱਥੇ ਗੁਜ਼ਾਰੂੰ ਦਿਨ ਸਾਰਾ"।* ਅਲਾਪ,ਤਾਨਾਂ,ਅਕਾਰ ਤੇ ਤਿਹਾਈਆਂ ਦੇ ਸੁਮੇਲ ਨਾਲ ਅਵਤਾਰ ਕੌਰ ਦੀ ਕੋਇਲ ਵਰਗੀ ਸੁਰੀਲੀ ਅਵਾਜ ਨੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ। ਦਰਸ਼ਕ ਗੈਲਰੀ ਵਿੱਚ ਮੁਹਰਲੀ ਕਤਾਰ ਚ ਬੈਠੇ ਸ੍ਰੀ ਸਤਿਗਰੂ ਜੀ ਦੇ ਮੁੱਖ ਮੰਡਲ ਤੇ ਆਪਣੀ ਇਸ ਹੋਣਹਾਰ ਨਾਮਧਾਰੀ ਬੱਚੀ ਦੀ ਪੇਸ਼ਕਾਰੀ ਦੀ ਪ੍ਰਸੰਨਤਾ ਝਲਕ ਰਹੀ ਸੀ। ਸਾਰਾ ਹਾਲ ਤਾੜ੍ਹੀਆਂ ਨਾਲ ਗੂੰਝ ਉੱਠਿਆ।ਸ੍ਰੀ ਹਜ਼ੂਰ ਪਾਸੋਂ ਸਾਰਿਆਂ ਕਲਾਕਾਰਾਂ ਨੇ ਚਰਨਾਂ ਤੇ ਨਮਸਕਾਰ ਕਰਕੇ ਆਪਣਾ ਸਨਮਾਨ ਪ੍ਰਾਪਤ ਕੀਤਾ।

**ਸ੍ਰੀ ਯਸ਼ਵੰਤ ਕੁਮਾਰ ਵੈਸ਼ਨਵ(ਤਬਲਾ ਵਾਦਨ):** ਸੰਗੀਤ ਦੇ ਗਾਇਨ ਪੱਖ ਤੋਂ ਬਾਅਦ ਹੁਣ ਇਹ ਸ਼ਾਮ ਤਾਲ ਪੱਖ ਵੱਲ ਜਾ ਰਹੀ ਸੀ।ਭਾਰਤ ਦੇ ਉੱਭਰ ਰਹੇ ਨੌਜੁਆਨ ਤਬਲਾਵਾਦਕਾਂ ਦੀ ਮੂਹਰਲੀ ਕਤਾਰ ਵਿਚਲਾ ਇਹ ਨੌਜਵਾਨ ਕਲਾਕਾਰ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਬਖਸ਼ਿਸ਼ ਦਾ ਪਾਤਰ ਸੀ ਸਟੇਜ ਤੇ ਆਇਆ।ਯਸ਼ਵੰਤ ਜੀ ਦੇ ਸਟੇਜ ਤੇ ਆਉਂਦਿਆਂ ਹੀ ਤਾੜੀਆਂ ਨਾਲ ਤੇ ਫੁੱਲ ਦੇ ਗੁਲਦਸਤੇ ਨਾਲ ਉਹਨਾਂ ਦਾ ਸਵਾਗਤ ਕੀਤਾ ਗਿਆ। ਤਿੰਨ ਸਾਲ ਦੀ ਛੋਟੀ ਉਮਰੇ ਹੀ ਤਬਲੇ ਦੀ ਤਾਲੀਮ ਆਪਣੇ ਪਿਤਾ ਪਾਸੋਂ ਲੈਣੀ ਸ਼ੁਰੂ ਕਰਨ ਵਾਲੇ ਯਸ਼ਵੰਤ ਨੇ ਸ੍ਰੀ ਹੇਮੰਤ ਸਚਦੇਵਾ ਤੇ ਸ੍ਰੀ ਮੁਕੰਦ ਭੱਲਾ ਜੀ ਕੋਲੋਂ ਤਬਲੇ ਦੀਆਂ ਬਾਰੀਕੀਆਂ ਸਿੱਖੀਆਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਨਾਮਵਰ ਤਬਲਾਵਾਦਕ ਸ੍ਰੀ ਯੋਗੇਸ਼ ਸਾਮਸੀ ਜੀ ਦਾ ਖਾਸ ਸ਼ਾਗਿਰਦ ਵੱਜੋਂ ਜਾਣਿਆ ਜਾਂਦਾ ਯਸ਼ਵੰਤ ਕੇਂਦਰੀ ਵਿਦਿਆਲਿਆ ਸੰਗਠਨ ਵੱਲੋਂ ਬਾਲਸ਼੍ਰੀ ਅਵਾਰਡ ਤੇ ਕਿਸ਼ੋਰ ਅਧਿਆਤਾ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ।ਅੱਜ ਪਹਿਲੀ ਵਾਰ ਪੰਜਾਬ ਵਿੱਚ ਸਟੇਜ ਪਰਫਾਰਮੈਂਸ ਦੇਣ ਜਾ ਰਹੇ ਯਸ਼ਵੰਤ ਨੂੰ ਸੁਣਨ ਲਈ ਬਹੁਤ ਸਾਰੇ ਗੁਣੀਜਨ ਦਰਸ਼ਕ ਗੈਲਰੀ ਵਿੱਚ ਸੁਭਾਇਮਾਨ ਸਨ।ਜਿਨਾਂ ਵਿੱਚੋਂ ਖਾਸਕਰ ਸ੍ਰੀ ਜੈਨ ਸਾਹਿਬ ਸਤਿਗੁਰੂ ਜੀ ਦੇ ਨੇੜੇ ਹੀ ਬੈਠੇ ਸਨ।ਸਾਰੰਗੀ ਤੇ ਲਹਿਰਾ ਦੇਣ ਵਾਸਤੇ ਬਨਾਰਸ ਦੇ ਸਵਰਗੀ ਸ੍ਰੀ ਪ੍ਰਭੂ ਸਹਾਇ ਜੀ ਦਾ ਸ਼ਾਗਿਰਦ ਕਰਮ ਸਿੰਘ ਨਾਮਧਾਰੀ ਆਪਣੇ ਸਾਜ਼ ਸਮੇਤ ਮੁਸਕੁਰਾ ਰਿਹਾ ਸੀ।ਸ੍ਰੀ ਸਤਿਗੁਰੂ ਜੀ ਪਾਸੋਂ ਆਗਿਆ ਲੈ ਯਸ਼ਵੰਤ ਕੁਮਾਰ ਨੇ ਆਪਣੇ ਤਬਲੇ ਤੇ ਆਪਣੀ ਕਲਾ ਦਾ ਜ਼ੋਹਰ ਵਿਖਾਉਣਾ ਸ਼ੁਰੂ ਕੀਤਾ।ਉਹਨਾਂ ਨੇ ਆਪਣੀ ਕਲਾਕਾਰੀ ਦੀ ਪੇਸ਼ਕਾਰੀ ਤਿੰਨ ਤਾਲ ਵਿੱਚ ਕੀਤੀ।ਉਹਨਾਂ ਨੇ ਤਿੰਨ ਤਾਲ ਵਿੱਚ ਪੰਜਾਬ ਘਰਾਣੇ ਦਾ ਵਭਿੰਨ ਲੈਅਕਾਰੀ ਯੁਕਤ ਪੇਸ਼ਕਾਰਾ ਬਜਾਇਆ ਤੇ ਬਾਅਦ ਵਿੱਚ ਵਭਿੰਨ ਘਰਾਣਿਆਂ ਦੇ ਕਾਇਦੇ, ਰੇਲੇ, ਟੁਕੜੇ, ਪ੍ਰਸਿੱਧ ਉਸਤਾਦ ਜਿਵੇਂ ਕਿ ਉਸਤਾਦ ਅੱਲਾ ਰੱਖਾ ਖਾਨ ਸਾਹਿਬ, ਉਸਤਾਦ ਫਿਰੋਜ਼ ਖਾਨ ਸਾਹਿਬ, ਉਸਤਾਸਦ ਹਬੀਬੁਦੀਨ ਖਾਨ, ਪੰਡਿਤ ਯੋਗੇਸ਼ ਸਮਸੀ,ਪੰਡਿਤ ਸੁਸ਼ੀਲ ਕੁਮਾਰ ਜੈਨ ਸਾਹਿਬ ਦੀਆਂ ਬੰਦਿਸ਼ਾਂ ਬਜਾਕੇ ਤੇ ਅਖੀਰ ਖ਼ੂਬਸੂਰਤ ਲੱਗੀਆਂ ਬਹੁਤ ਹੀ ਤਿਆਰੀ ਤੇ ਸਪੱਸ਼ਟਤਾ ਨਾਲ ਬਜਾਕੇ ਆਪਣੇ ਚਾਹਣ ਵਾਲਿਆਂ ਦੇ ਦਿਲ ਤੇ ਅਮਿਟ ਛਾਪ ਛੱਡੀ। ਸਾਰਾ ਹਾਲ ਤਾੜੀਆਂ ਦੀ ਅਵਾਜ ਨਾਲ ਗੂੰਜ ਉੱਠਿਆ। ਪੇਸ਼ਕਾਰੀ ਦੌਰਾਨ ਕੋਈ ਵੀ ਦਰਸ਼ਕ ਆਪਣੀ ਸੀਟ ਤੋਂ ਨਹੀਂ ਉੱਠਿਆ ਸਿਰਫ ਸਭ ਦੇ ਸਿਰ ਤੇ ਪੈਰ ਥਿੜਕ ਰਹੇ ਸਨ। ਜਾਣਕਾਰ ਆਪਣੀਆਂ ਉਂਗਲਾਂ ਤੇ ਮਾਤਰਾ ਗਿਣਗਿਣ ਹਰ ਤਿਹਾਈ ਤੇ ਵਾਹ ਕਹਿ ਦਾਦ ਦੇ ਰਹੇ ਸਨ।ਸਟੇਜ ਤੋਂ ਹੇਠਾਂ ਜਾ ਯਸ਼ਵੰਤ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰ ਆਸ਼ੀਰਵਾਦ ਲਿਆ।ਸਤਿਗੁਰੂ ਜੀ ਬਹੁਤ ਪ੍ਰਸੰਨਤਾ ਦੀ ਮੁਦਰਾ ਵਿੱਚ ਕਲਾਕਾਰ ਨੂੰ ਨਿਵਾਜ ਰਹੇ ਸਨ।ਕਰਮ ਸਿੰਘ ਦੀ ਸਾਰੰਗੀ ਦੀ ਮੋਹਕ ਆਵਾਜ਼ ਨੇ ਵੀ ਯਸ਼ਵੰਤ ਦਾ ਪੂਰਾ ਸਾਥ ਦਿੱਤਾ ਸੀ ।ਸਤਿਗੁਰੂ ਜੀ ਦੋਵਾਂ ਕਲਾਕਾਰਾਂ ਨੂੰ ਸਨਮਾਨ ਦੇ ਨਿਵਾਜ਼ਿਆ।

**ਡਾਕੂਮੈਂਟਰੀ**: ਯਸ਼ਵੰਤ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਨਾਮਧਾਰੀ ਲਹਿਰ ਦੇ ਪ੍ਰਥਾਇ ਇੱਕ ਵੀਹ ਕੁ ਮਿੰਟ ਦੀ ਡਾਕੂਮੈਂਟਰੀ ਫਿਲਮ ਸਕਰੀਨਾਂ ਤੇ ਚਲਾਈ ਗਈ।ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਪਣੀ ਆਵਾਜ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਕੀਤੇ ਕਾਰਜਾਂ ਸਬੰਧੀ ਵਿਵਰਣ ਹੈ।ਸ ਤਰਨਜੀਤ ਸਿੰਘ ਮੁੰਬਈ ਵਾਲਿਆਂ ਦੀ ਬਣਾਈ ਇਸ ਡਾਕੂਮੈਂਟਰੀ ਨੇ ਆਪਣਾ ਪ੍ਰਭਾਵਸ਼ਾਲੀ ਅਸਰ ਦਰਸ਼ਕਾਂ ਦੇ ਮਨਾਂ ਤੇ ਛੱਡਿਆ।

**ਸ੍ਰੀ ਪੂਰਬਾਇਨ ਚੈਟਰਜੀ**: ਅੱਜ ਦੀ ਇਹ ਸੰਗੀਤਕ ਸ਼ਾਮ ਆਖਰੀ ਪੜਾਵਾਂ ਵੱਲ ਵਧ ਰਹੀ ਸੀ। ਭਾਰਤ ਦੇ ਚੋਟੀ ਸੇ ਸਿਤਾਰਵਾਦਕਾਂ ਵਿੱਚੋਂ ਸ੍ਰੀ ਪੂਰਬਾਇਨ ਚੈਟਰਜੀ ਤੇ ਉਹਨਾਂ ਨਾਲ ਤਬਲੇ ਤੇ ਸੰਗਤ ਦੇਣ ਜਾ ਰਹੇ ਸ੍ਰੀ ਰਾਮ ਕੁਮਾਰ ਮਿਸ਼ਰਾ ਨੂੰ ਮੰਚ ਤੇ ਆਉਣ ਲਈ ਸੱਦਾ ਦਿੱਤਾ ਗਿਆ।ਤਾੜੀਆਂ ਨਾਲ ਦਰਸ਼ਕਾਂ ਨੇ ਦੋਵਾਂ ਕਲਾਕਾਰਾਂ ਦਾ ਸਵਾਗਤ ਕੀਤਾ।ਦੋਵਾਂ ਦੇ ਹੱਥਾਂ ਵਿੱਚ ਉਹਨਾਂ ਦੇ ਚਹਿਰਿਆਂ ਵਾਂਗ ਹੀ ਖਿੜੇ ਹੋਏ ਗੁਲਾਬ ਦੇ ਫੁੱਲਾਂ ਦੇ ਗੁਲਦਸਤੇ ਦੇ ਕੇ ਜੀ ਆਇਆਂ ਨੂੰ ਆਖਿਆ ਗਿਆ। ੧੫ ਸਾਲਾਂ ਦੀ ਛੋਟੀਉਮਰੇ ਹੀ ਸਿਤਾਰਵਾਦਨ ਵਿੱਚ "ਪਰੈਜ਼ੀਡੈਂਟ ਆਫਇੰਡੀਆ ਅਵਾਰਡ'' ਪ੍ਰਾਪਤ ਕਰ ਚੁੱਕੇ ਇਸ ਤੋਂ ਇਲਾਵਾ ਅਦਿੱਤਿਆ ਬਿਰਲਾ ਅਵਾਰਡ ਤੇ ਰਸੋਈ ਅਵਾਰਡ ਪ੍ਰਾਪਤਕਰਨ ਵਾਲੇ ਵੱਖ ਵੱਖ ਦੇਸ਼ਾਂ ਵਿੱਚ ਪੇਸ਼ਕਾਰੀ ਦੇ ਚੁੱਕੇ ਪੂਰਬਾਇਨ ਚੈਟਰਜੀ ਦਾ ਪੰਜਾਬ ਵਿੱਚ ਇਹ ਪਹਿਲਾ ਪ੍ਰਦਰਸ਼ਨ ਸੀ ਜੋ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਸੰਭਵ ਹੋ ਸਕਿਆ। ਸ੍ਰੀ ਰਾਮ ਕੁਮਾਰ ਮਿਸ਼ਰਾ ਜੀ ਜੋ ਬਨਾਰਸ ਘਰਾਣੇ ਦੇ ਪੂਰੇ ਭਾਰਤ ਵਿੱਚ ਮੰਨੇ ਪ੍ਰਮੰਨੇ ਤਬਲਾਵਾਦਕ ਹਨ ਨਾਲ ਸਾਥ ਦੇਣ ਜਾ ਰਹੇ ਸਨ।ਦੋਵੇਂ ਕਲਾਕਾਰ ਆਪਣੇ ਆਪਣੇ ਖੇਤਰ ਕਾਬਲ ਖਿਲਾੜੀ।ਅਖੀਰ ਪੁਰਬਾਇਨ ਜੀ ਨੇ ਸਤਿਗੁਰੂ ਜੀ ਤੋਂ ਆਗਿਆ ਲੈ ਆਪਣੀ ਸਿਤਾਰ ਵਾਦਨ ਦਾ ਆਰੰਭਰਾਗ ਮਾਰੂ ਬਿਹਾਗ ਦੇ ਅਲਾਪ, ਜੋੜ, ਝਾਲਾ ਨਾਲ ਕੀਤਾ, ਫੇਰ ਇਸੇ ਰਾਗ ਵਿੱਚ ਵਿਲੰਬਤ ਲੈਅ ਦੀ ਗਤ ਝੱਪਤਾਲ ਵਿੱਚ, ਮੱਧ ਲੈਅ ਅਤੇ ਧਰੁਤ ਲੈਅ ਦੀ ਗਤ ਤਿੰਨ ਤਲ ਵਿੱਚ ਪ੍ਰਸਤੁਤ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਪੁਰਬਿਆਨ ਚੈਟਰਜੀ ਦੀ ਸਿਤਾਰ ਦੀ ਗਮਕ ਅਰ ਸਪਾਟ ਦੀਆਂ ਬਿਜਲੀ ਵਾਂਗ ਤੇਜ ਲੈਅ ਵਿੱਚ ਤਾਨਾਂ ਤੇ ਇਸੇ ਤੇਜੀ ਨਾਲ ਤਬਲੇ ਤੇ ਥਿੜਕਦੀਆਂ ਰਾਮ ਕੁਮਾਰ ਮਿਸ਼ਰਾ ਦੀਆਂ ਫੁਰਤੀਲੀਆਂ ਉਂਗਲਾਂਦੀ ਲੜੰਤ ਪੇਸ਼ਕਾਰੀ ਨੇ ਸੰਗੀਤ ਪ੍ਰੇਮੀਆਂ ਨੂੰ ਆਪਣੀ ਸੀਟ ਤੋਂ ਉੱਠ ਕੇ ਤਾੜੀਆਂ ਵਜਾਉਣ ਨੂੰ ਮਜਬੂਰ ਕਰ ਦਿੱਤਾ।ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਵੀ ਇਹਨਾਂ ਸੰਗੀਤਕਾਰਾਂ ਦੀ ਕਲਾ ਨੂੰ ਆਪਣੇ ਹਸਤ ਕੰਵਲਾਂ ਨਾਲ ਤਾੜੀਆਂ ਵਜਾ ਸਲਾਹ ਰਹੇ ਸਨ।ਦੋਵੇਂ ਕਲਾਕਾਰ ਸਟੇਜ ਤੋਂ ਹੇਠਾਂ ਜਾ ਸਤਿਗੁਰੂ ਜੀ ਦੇ ਚਰਨਾਂ ਤੇ ਨਤਮਸਤਕ ਹੋਏ।ਸੱਚੇ ਪਾਤਿਸ਼ਾਹ ਜੀ ਦੋਵਾਂ ਨੂੰ ਖੁਸ਼ੀਆਂ ਦੇ ਨਾਲ ਸਨਮਾਨ ਦੇ ਨਿਵਾਜਿਆ।

**ਜਸਵੰਤ ਜ਼ਫਰ**: ਅਖੀਰ ਵਿੱਚ ਪੰਜਾਬੀ ਦੇ ਉੱਘੈ ਲਿਖਾਰੀ ਸ ਜਸਵੰਤ ਜ਼ਫਰ ਨੇ ਇਸ ਸੰਗੀਤਮਈ ਸ਼ਾਮ ਬਾਰੇ ਆਪਣੇ ਸ਼ਬਦ ਕਹਿੰਦਿਆਂ ਆਖਿਆ ਕਿ ਇਸ ਬਾਰੇ ਬਹੁਤ ਕੁਝ ਆਖਿਆ ਜਾ ਸਕਦਾ ਹੈ ਤੇ ਕੁਛ ਵੀ ਨਹੀਂ ਆਖਿਆ ਜਾ ਸਕਦਾ।ਇਹ ਅਨੰਦ ਦੀ ਅਜ਼ੀਮ ਮੰਜ਼ਿਲ ਹੈ ਜੋ ਸਤਿਗੁਰੂ ਜੀ ਦੇ ਦਰਬਾਰ ਵਿੱਚ ਹੀ ਪ੍ਰਾਪਤ ਹੁੰਦੀ ਹੈ।ਸਤਿਗੁਰੂ ਜੀ ਸਾਨੂੰ ਉਹ ਸੰਗੀਤ ਸੁਣਨ ਦਾ ਤੇ ਉਸ ਦਾ ਆਨੰਦ ਲੈਣ ਦਾ ਵੀ ਢੰਗ ਦਸਦੇ ਹਨ ਜੋ ਕਿ ਰੱਬ ਦੀ ਖੁਰਾਕ ਹੈ।ਉਹਨਾਂ ਨਾਮਧਾਰੀ ਸੰਗਤ ਤੇ ਵਿਦਿਅਕ ਜਥੇ ਵੱਲੋਂ ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ,ਬੀਬੀ ਜੀ ਤੇ ਹੋਰ ਆਏ ਸਾਰੇ ਸੰਗੀਤ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਨਾਮਧਾਰੀ ਸੰਗਤ ਤੇ ਵਿਦਿਅਕ ਜਥਾ ਲੁਧਿਆਣਾ ਦੇ ਪ੍ਰਬੰਧਕਾਂ ਵੱਲੋਂ ਇੰਤਜ਼ਾਮ ਵਿੱਚ ਰਹੀ ਕਿਸੇ ਤਰਾਂ ਦੀ ਕਮੀ ਲਈ ਜਿੱਥੇ ਮਾਫੀ ਦੇ ਸ਼ਬਦ ਆਖੇ ਉਥੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਕਿ ਇਸੇ ਤਰਾਂ ਇਹ ਸੰਗੀਤ ਸੰਮੇਲਨ ਹੁੰਦੇ ਰਹਿਣ ਆਪ ਜੀ ਦੀ ਨਜ਼ਰੇ ਅਨਾਇਤ ਬਣੀ ਰਹੇ।ਨਾਮਧਾਰੀ ਦਰਬਾਰ ਸੰਗੀਤ ਤੇ ਸੰਗੀਤਕਾਰਾਂ ਦਾ ਸੰਰੱਖਿਅਕ ਬਣਿਆ ਰਹੇ।

ਸ੍ਰੀ ਹਜ਼ੂਰ ਸਤਿਗੁਰੂ ਜੀ ਨੇ ਲੁਧਿਆਣਾ ਦੀ ਸਾਰੀ ਸੰਗਤ ਨੂੰ ਖਾਸ ਕਰਕੇ ਵਿਦਿਅਕ ਜਥੇ ਦੇ ਨੌਜਵਾਨਾਂ ਨੂੰ ਇਸ ਪ੍ਰੋਗਰਾਮ ਦੀ ਕਾਮਯਾਬੀ ਦੀਆਂ ਮੁਬਾਰਕਾਂ ਦੇ ਨਾਲ ਆਸ਼ੀਰਵਾਦ ਦੇਂਦੇ ਹੋਏ ਵਾਪਸੀ ਲਈ ਪ੍ਰਸਥਾਨ ਕੀਤਾ।ਆਈ ਹੋਈ ਸਾਧ ਸੰਗਤ ਨੂੰ ਤੇ ਸੰਗੀਤ ਪ੍ਰੇਮੀਆਂ ਨੂੰ ਲੰਗਰ ਦੇ ਸੇਵਾਦਾਰ ਨਿਰਮਲ ਸਿੰਘ ਭੱਟੀ ਤੇ ਸ ਅਵਤਾਰ ਸਿੰਘ ਆਪਣੇ ਸਾਥੀਆਂ ਸਮੇਤ ਸਨਿਮਰ ਬੇਨਤੀ ਕਰ ਪ੍ਰਸ਼ਾਦਾ ਪਾਣੀ ਛਕਾ ਰਹੇ ਸਨ।ਇਸ ਤਰਾਂ ਖੁਸ਼ੀਆਂ ਖੇੜੇ ਬਖੇਰਦਾ ਹੋਇਆ ਬਸੰਤ ਪੰਚਮੀ ਸ਼ਾਸਤਰੀ ਸੰਗੀਤ ਸੰਮੇਲਨ ਸਮਾਪਤ ਹੋਇਆ।

**ਸੁਖਵਿੰਦਰ ਸਿੰਘ ਲਾਇਲ**

# ਛਿਹਰਟਾ (ਅੰਮ੍ਰਿਤਸਰ) ਵਿਖੇ ਬਸੰਤ ਪੁਰਬ ਮੇਲਾ

**ਛਿਹਰਟਾ–** ਜੰਗੇ ਆਜ਼ਾਦੀ ਦੇ ਮੋਢੀ, ਨਾ ਮਿਲਵਰਤਨ ਲਹਿਰ ਦੇ ਬਾਨੀ, ਸਿਖੀ ਸਵੈਮਾਨ ਤੇ ਸ਼ਾਨ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 202ਵਾਂ ਪ੍ਰਕਾਸ਼ ਪੁਰਬ ਬਸੰਤ ਮੇਲਾ 26 ਫਰਵਰੀ 2017 ਨੂੰ ਛਿਹਰਟਾ ਵਿਚ ਮਨਾਇਆ ਗਿਆ। ਇਸ ਮੇਲੇ ਵਿਚ ਸੂਬਾ ਹਰਭਜਨ ਸਿੰਘ ਲੁਧਿਆਣਾ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਨੱਥਾ ਸਿੰਘ, ਪ੍ਰੋਫੈਸਰ ਨਿਰਮਲ ਸਿੰਘ, ਅੰਸ਼ ਬੰਸ਼ ਬਾਬਾ ਬੁਢਾ ਸਾਹਿਬ ਜੀ, ਕਥਾ ਵਾਚਕ ਸਿੱਖ ਮਿਸ਼ਨਰੀ ਕਾਲਜ, ਸੂਬਾ ਸੰਦੀਪ ਸਿੰਘ, ਜਥੇਦਾਰ ਗੁਰਸੇਵਕ ਸਿੰਘ ਕਵੀਸ਼ਰੀ ਜਥਾ ਸ੍ਰੀ ਭੈਣੀ ਸਾਹਿਬ, ਆਰਤੀ ਦੇਵਾ ਦੁਰਗਾ ਟ੍ਰਸਟ, ਬਾਲ ਕ੍ਰਿਸ਼ਨ ਪੰਡਿਤ ਰਿਸ਼ੀ ਭਾਰਦਵਾਜ ਵਿਦਿਆ ਜੀ, ਵਿਨੋਦ ਰਾਮਪਾਲ ਬਲਾਕ ਪ੍ਰਧਾਨ, ਜਥੇਦਾਰ ਜਸਬੀਰ ਸਿੰਘ ਖਿਆਲਾ, ਰਵਿੰਦਰ ਸਿੰਘ ਜੌਹਲ ਸਕੱਤਰ, ਬਲਵਿੰਦਰ ਸਿੰਘ ਨਾਗੀ, ਸੰਤ ਸਰਦੂਲ ਸਿੰਘ ਨੇ ਸ਼ਿਰਕਤ ਕੀਤੀ। ਇਹ ਸਮਾਗਮ ਪਤਵਿੰਦਰ ਸਿੰਘ ਪਰਿਵਾਰ ਅਤੇ ਛੇਹਰਟਾ ਸਾਧ ਸੰਗਤ ਵਲੋਂ ਕੀਤਾ ਗਿਆ।

## ਅਰਜ਼ ਪ੍ਰਵਾਨ ਹੋਈ

ਹਰਮਨਪ੍ਰੀਤ ਸਿੰਘ ਦਿੱਲੀ ਯੂਨੀਵਰਸਿਟੀ ਤੋਂ ਫਾਰਮਾਸਿਸਟ ਦੀ ਡਿਗਰੀ ਹਾਸਲ ਕਰਨ ਉਪਰੰਤ ਟੋਰਾਂਟੋ (ਕਨੇਡਾ) ਵਿਚ ਉਚੇਰੀ ਸਿਖਿਆ ਪ੍ਰਾਪਤ ਕਰ ਰਿਹਾ ਹੈ। ਜਿਵੇਂ ਕਿ ਉਥੋਂ ਦੀ ਸਰਕਾਰ ਦਾ ਨਿਯਮ ਹੈ ਕਿ ਵਿਦਿਆਰਥੀ ਹਫਤੇ ਵਿਚ 20 ਘੰਟੇ ਕੰਮ ਕਰ ਸਕਦੇ ਹਨ, ਸੋ ਹਰਮਨਪ੍ਰੀਤ ਸਿੰਘ ਵੀ ਕਿਸੇ ਢੁਕਵੇਂ ਕੰਮ ਦੀ ਭਾਲ ਵਿਚ ਸੀ ਪਰ ਸਫਲਤਾ ਨਹੀਂ ਸੀ ਮਿਲ ਰਹੀ। 24 ਦਸੰਬਰ 2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਦਿੱਲੀ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਪਰਵਾਰ ਵਲੋਂ ਆਪ ਜੀ ਦੇ ਚਰਨਾਂ ਵਿਚ ਬਖਸ਼ਿਸ਼ ਵਾਸਤੇ ਅਰਜ਼ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਸੱਚੇ ਪਾਤਸ਼ਾਹ ਕਿਰਪਾ ਕਰਨਗੇ। ਕਿਰਪਾ ਐਸੀ ਹੋਈ ਠੀਕ ਦੋ ਦਿਨ ਬਾਅਦ ਹਰਮਨਪ੍ਰੀਤ ਸਿੰਘ ਨੂੰ ਟੋਰਾਂਟੋ ਵਿਖੇ ਸਹੀ ਕੰਮ ਮਿਲ ਗਿਆ। ਪਰਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ।

**– ਤਾਰਾ ਸਿੰਘ ਅਨਜਾਣ**

# ਭੈਣੀ ਸਾਹਿਬ ਚੋਂ ਕੂਕਿਆਂ ਕੂਕ ਮਾਰੀ

✍ਸ. ਹਜ਼ਾਰਾ ਸਿੰਘ ਮੰਡ,

(ਕੇਸਰ ਸਿੰਘ 'ਲਾਡੀ' ਸੇਵਕ ਵਲੋਂ ਪ੍ਰਾਪਤ ਕਵਿਤਾ)

*ਭੈਣੀ ਸਾਹਿਬ ਚੋਂ ਕੂਕਿਆਂ ਕੂਕ ਮਾਰੀ, ਘੂਕ ਸੁੱਤਾ ਜਹਾਨ ਜਗਾ ਦਿੱਤਾ।*
*ਭਾਰਤ ਵਿਚੋਂ ਅੰਗਰੇਜ਼ਾਂ ਨੂੰ ਬਾਹਰ ਕੱਢੋ ਮਾਨੋ ਜੰਗ ਦਾ ਬਿਗਲ ਵਜਾ ਦਿੱਤਾ।*
*ਰੋਹੀਆਂ ਵਿਚ ਹਲ ਵਾਹੁੰਦੀਆਂ ਹਾਲੀਆਂ ਨੂੰ ਮਾਨੋ ਜੰਗੇ ਆਜ਼ਾਦੀ 'ਚ ਪਾ ਦਿੱਤਾ।*
*ਕਾਬਲ ਰੂਸ ਨਿਪਾਲ ਭੂਟਾਨ ਤਾਈਂ, ਥਾਂ ਥਾਂ ਉਧਮੂਲ ਉਠਾ ਦਿੱਤਾ।*

*ਚਿੱਠੀ ਪੱਤਰ ਪਹੁੰਚਾਉਣ ਨੂੰ ਮੁੱਖ ਰੱਖਕੇ, ਸ਼ੁਰੂ ਕਰ ਲਈ ਡਾਕ ਤੇ ਤਾਰ ਆਪਣੀ।*
*ਜਿਹਦਾ ਧਰਮ ਨਿਆਂ ਦੀ ਗੱਲ ਕਰਨੀ, ਕਾਇਮ ਕਰ ਲਈ ਉਹਨਾਂ ਸਰਕਾਰ ਆਪਣੀ।*
*ਤਾਂਕਿ ਦੇਸ ਵਿਦੇਸ ਵਿਦਰੋਹ ਭੜਕੇ, ਉੱਚੀ ਕਰ ਲਈ ਉਹਨਾਂ ਲਲਕਾਰ ਆਪਣੀ।*
*ਜਿਹਦੀ ਇਸ ਤੋਂ ਪਹਿਲਾਂ ਮਿਸਾਲ ਨਹੀਂ ਸੀ, ਨੀਤੀ ਏਦਾਂ ਦੀ ਕੀਤੀ ਤਿਆਰ ਆਪਣੀ।*

*ਚੱਕਰ ਕੱਟਦਾ ਕੱਟਦਾ ਮੰਡੀਆਂ ਦੇ, ਜਿਹੜਾ ਰਿਜ਼ਕ ਵਿਦੇਸ਼ਾਂ ਨੂੰ ਜਾ ਰਿਹਾ ਸੀ।*
*ਉਸ ਚੱਕਰ ਦੇ ਰਾਹ 'ਚ ਰੋਕ ਪਾਈ, ਜਿਹੜਾ ਭਾਰਤ 'ਚ ਕਾਲ ਵਰਤਾ ਰਿਹਾ ਸੀ।*
*ਵਾਰ-ਵਾਰ ਜੋ ਭਾਰਤ 'ਚ ਕਾਲ ਪਾਕੇ, ਭਾਰਤ ਵਰਸ਼ ਨੂੰ ਕਾਲ ਮੂੰਹ ਪਾ ਰਿਹਾ ਸੀ।*
*ਉਸ ਕਾਲ ਦਾ ਕੂਕਿਆਂ ਹੱਲ ਕੱਢਿਆ, ਭਾਰਤ ਉੱਤੇ ਜੋ ਕਾਲ ਮੰਡਰਾ ਰਿਹਾ ਸੀ।*

*ਪਿੰਡਾਂ ਵਿਚ ਹੀ ਖੋਲ੍ਹ ਕੇ ਮੋਦੀ ਖਾਨੇ, ਉਹਨਾਂ ਦੇਸੀ ਪ੍ਰਬੰਧ ਚਲਾ ਦਿੱਤਾ।*
*ਸਰਕਾਰੀ ਮੰਡੀਆਂ ਵਿਚ ਨਾ ਰਿਜਕ ਵੇਚੋ, ਕਿਸਾਨ ਵੀਰਾਂ ਨੂੰ ਥਾਂ-ਥਾਂ ਸਮਝਾ ਦਿੱਤਾ।*
*ਖਰੀਦੋ ਫਿਰੋਕਤ ਰਿਜ਼ਕ ਦੀ ਇੰਝ ਕੀ, ਸਰਕਾਰੀ ਨਫ਼ੇ ਚੋਂ ਨਫ਼ਾ ਘਟਾ ਦਿੱਤਾ।*
*ਜਿਹੜੀ ਪਲਦੀ ਸੀ ਭਾਰਤੀ ਖੂਨ ਪੀ ਕੇ, ਗੋਰਾ ਸ਼ਾਹੀ ਨੂੰ ਫਿਕਰ 'ਚ ਪਾ ਦਿੱਤਾ।*

*ਭਾਵੇਂ ਕਈ ਉਤਰਾਵ ਚੜਾਅ ਆਏ, ਉਨ੍ਹਾਂ ਆਪਣਾ ਕੰਮ ਲਗਾ ਤਾਰ ਕੀਤਾ।*
*ਪੈਰ ਲੂਹਣ ਨੂੰ ਛਲੀਏ ਫਰੰਗੀਆਂ ਦੇ, ਭਾਰਤ ਭਰ ਨੂੰ ਉਹਨਾਂ ਅੰਗਿਆਰ ਕੀਤਾ।*
*ਕੌਮੀ ਮੁਕਤੀ ਮੋਰਚੇ ਲਾਉਣ ਦੇ ਲਈ, ਦੁਨੀਆਂ ਭਰ ਨੂੰ ਉਹਨਾਂ ਤਿਆਰ ਕੀਤਾ।*
*ਜਿੱਥੇ ਕਿਤੇ ਸੁਧਾਰ ਦੀ ਲੋੜ ਸਮਝੀ, ਬੜੇ ਕੰਮਾਂ 'ਚ ਉਹਨਾਂ ਸੁਧਾਰ ਕੀਤਾ।*

*ਠਾਣੇ ਅਤੇ ਕਚਿਹਰੀਆਂ ਰੱਦ ਕਰਕੇ, ਨਿਆਂ ਕਰਨ ਪੰਚਾਇਤਾਂ ਬਿਠਾਈਆਂ ਉਹਨਾਂ।*
*ਵਿਦੇਸ਼ੀ ਵਿਦਿਆ ਬਿਲੁਕਲ ਰੱਦ ਕਰਕੇ, ਦੇਸੀ ਪਾਠਸ਼ਾਲਾਵਾਂ ਚਲਾਈਆਂ ਉਹਨਾਂ।*
*ਚਰਖੇ ਅਤੇ ਹੱਥ ਖੱਡੀਆਂ ਸ਼ੁਰੂ ਕਰਕੇ, ਵਿਦੇਸ਼ੀ ਮਿਲ੍ਹਾਂ ਵੀ ਠੰਢੀਆਂ ਪਾਈਆਂ ਉਹਨਾਂ।*
*ਚਿੱਟੀ ਉਨ ਦੀ ਮਾਲਾ ਵੀ ਇੰਜ ਫੇਰੀ, ਲੰਡਨ ਦੀਆਂ ਵੀ ਨੀਹਾਂ ਹਿਲਾਈਆਂ ਉਹਨਾਂ।*

*ਕਈ ਪੂਰ ਕਸਾਈਆਂ ਦੇ ਵੱਢ ਦਿੱਤੇ, ਗਊ-ਕੁਸ਼ੀ ਨੂੰ ਬੰਦ ਕਰਵਾਉਣ ਦੇ ਲਈ।*
*ਮੁੜ ਕੇ ਜਾਨਾਂ ਵੀ ਦਿੱਤੀਆਂ ਹੱਸ-ਹੱਸ ਕੇ, ਭਾਰਤ ਵਰਸ਼ 'ਚ ਰੋਹ ਭੜਕਾਉਣ ਦੇ ਲਈ।*
*ਪੀਂਘਾਂ ਜਾਣ ਕੇ ਝੂਟ ਗਏ ਫਾਂਸੀਆਂ ਵੀ, ਸੂਰਬੀਰਾਂ ਦਾ ਫਰਜ਼ ਨਿਭਾਉਣ ਦੇ ਲਈ।*
*ਤੋਪਾਂ ਨਾਲ ਉਡਾਏ ਗਏ ਚਾਈਂ ਚਾਈਂ, ਥਾਂ ਥਾਂ ਨਾਲ ਤੂਫਾਨ ਉਠਾਉਣ ਦੇ ਲਈ।*

*ਉਨ੍ਹਾਂ ਥਾਂ ਥਾਂ ਏਦਾਂ ਨਗਾਰੇ ਕੁੱਟੇ, ਰਾਜ ਮਹਿਲਾਂ 'ਚ ਦੀਵੇ ਬੁਝਾ ਦਿੱਤੇ।*
*ਅੰਬਰ ਛੋਹ ਜੈਕਾਰ ਵੀ ਇੰਜ ਛੱਡੇ, ਲੰਡਨ ਸੋਗ ਦੇ ਸਥਰ ਵਿਛਾ ਦਿੱਤੇ।*
*ਇੱਜੜ ਚਾਰਦੇ ਅਨਪੜ ਆਜੜੀ ਵੀ, ਉਨ੍ਹਾਂ ਦੂਰ ਅੰਦੇਸ਼ ਬਣਾ ਦਿੱਤੇ।*
*ਹੋਣੀ ਵੇਖ ਕੇ ਹੋਣੀ ਤੋਂ ਡਰਨ ਵਾਲੇ, ਉਹਨਾਂ ਹੋਣੀ ਨੂੰ ਵਰਨ ਸਿਖਾਂ ਦਿੱਤੇ।*

*ਜਾਨਾਂ ਵਾਰ ਕੇ ਕੂਕਿਆਂ ਸੂਰਬੀਰਾਂ, ਦੁਨੀਆਂ ਭਰ ਦਾ ਲਹੂ ਗਰਮਾ ਦਿੱਤਾ।*
*ਲੋਕ ਲਹਿਰਾਂ ਦਾ ਥਾਂ-ਥਾਂ ਮੁੱਢ ਬੱਝਾ, ਜਿਹਨੇ ਆਪਣਾ ਅਸਰ ਵਿਖਾ ਦਿੱਤਾ।*
*ਦੁਨੀਆਂ ਭਰ ਚੋਂ ਜਿਹੜਾ ਮਜ਼ਬੂਤ ਗੜ੍ਹ ਸੀ, ਰੇਤ ਕਿਣਕਿਆਂ ਵਿਚ ਬਦਲਾਅ ਦਿੱਤਾ।*
*ਰਾਗ-ਰੰਗ 'ਚ ਰੁਝੀਆਂ ਮੇਮਾਂ ਨੂੰ ਵੀ, ਰੋਣ ਪਿੱਟਣ ਦੀ ਆਹਰ 'ਚ ਪਾ ਦਿੱਤਾ।*

*ਜਿੱਥੇ ਜਿੱਥੇ ਵੀ ਉਹਨਾਂ ਦਾ ਲਹੂ ਡੁੱਲ੍ਹਾ, ਉਥੋਂ ਉਥੋਂ ਹੀ ਬੜੇ ਤੂਫਾਨ ਉਠੇ।*
*ਗਦਰੀ ਬਾਬੇ ਤੇ ਬੱਬਰ ਅਕਾਲੀ ਉਠੇ, ਭਾਰਤ ਵਾਸੀਆਂ ਲਈ ਵਰਦਾਨ ਉਠੇ।*
*ਜੋਗ ਦੀ ਖਬਰ ਨਵੀਸੀ ਤੇ ਛਾਉਣ ਵਾਲੇ, ਭਗਤ ਸਿੰਘ ਜੇਹੇ ਸੁਘੜ ਸੁਜਾਣ ਉਠੇ।*
*ਲੰਡਨ ਜਾ ਕੇ ਉਡਵਾਇਰ ਦਾ ਘਾਣ ਕਰਕੇ, ਆਪਣੇ ਆਪ ਨੂੰ ਕਰਨ ਕੁਰਬਾਨ ਉਠੇ।*

*ਅਨਪੜ੍ਹ ਮੰਡ ਨੇ ਕੂਕਿਆਂ ਬਾਰੇ ਲਿਖਿਆ, ਸੂਰਮਗਤੀ ਬੇ-ਸੁਮਾਰ ਕਰ ਗਏ।*
*ਪੂੰਜੀਵਾਦ ਨੂੰ ਜੜ੍ਹੋਂ ਹਿਲਾਇਆ ਜਿਨੇ, ਏਸ ਤਰ੍ਹਾਂ ਦਾ ਬੜਾ ਪ੍ਰਚਾਰ ਕਰ ਗਏ।*
*ਤਖਤ ਪਲਟ ਤਾ ਜਿਨ੍ਹਾਂ ਫਿਰੰਗੀਆਂ ਦਾ, ਹਿੰਦੂ ਸਿੱਖ ਪਠਾਣ ਤਿਆਰ ਕਰ ਗਏ।*
*ਸੱਚ ਪੁੱਛੋਂ ਤਾਂ ਛਲੀਏ ਫਿਰੰਗੀਆਂ ਨੂੰ, ਹੱਲਾ ਮਾਰ ਕੇ ਸਾਗਰੋਂ ਪਾਰ ਕਰ ਗਏ।*

# ਦਿੱਲੀ ਵਿਖੇ 200ਵਾਂ ਪ੍ਰਕਾਸ਼ ਪੁਰਬ...

(ਬਾਕੀ ਸਫਾ 1 ਦੀ)

ਸਤਿਗੁਰੂ ਜੀ ਪਾਸੋਂ ਦਸਵੀਂ ਜਮਾਤ ਦੇ ... ਅਤੇ ਹੋਰ ਬੱਚਿਆਂ ਨੂੰ ਪ੍ਰਿੰਸੀਪਲ ਸਤਵੰਤ ਕੌਰ ਦੀ ਅਗਵਾਈ ਹੇਠ ਇਨਾਮ ਦਿੱਤੇ ਗਏ। ਉਪਰੰਤ ਨੌਜਵਾਨ ਦਵਿੰਦਰ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਸਮਾਜ ਕਲਿਆਣ ਕਾਰਜਾਂ ਪ੍ਰਤੀ ਤਕਰੀਰ ਕੀਤੀ। ਨੌਜਵਾਨ ਬਸੰਤ ਸਿੰਘ ਨੇ ਆਪਣੇ ਜਥੇ ਸਹਿਤ ਸ਼ਬਦ ਗਾਇਨ ਕੀਤਾ–

–

ਰਾਗੀ ਸਾਜਨ ਸਿੰਘ ਜੋ ਕਿ ਦਿੱਲੀ ਵਿਦਿਅਕ ਜਥੇ ਦੇ ਨੌਜਵਾਨਾਂ ਨੂੰ ਬੜੇ ਚਿਰ ਤੋਂ ਗੁਰਮਤ ਸੰਗੀਤ ਦੀ ਸਿਖਿਆ ਦੇ ਰਹੇ ਹਨ ਦੇ ਸਿਖਿਆਰਥੀਆਂ ਨੇ ਸ਼ਬਦ ਗਾਇਨ ਕੀਤਾ–

ਗੁਰਮੁਖ ਸਿੰਘ ਅਨੇਜਾ ਨੇ ਕਵਿਤਾ ਪੜ੍ਹੀ। ਬੀਬੀ ਗਿਆਨ ਕੌਰ ਮਾਟਾ ਨੇ ਅੰਗਰੇਜ਼ੀ ਵਿਚ ਕਵਿਤਾ ਪੜ੍ਹੀ।

ਸ. ਸੁਰਿੰਦਰ ਸਿੰਘ ਭਮਰਾ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੀ ਬਖਸ਼ਿਸ਼ਾਂ ਬਾਰੇ ਦੱਸਿਆ। ਇਸ ਪ੍ਰੋਗਰਾਮ ਦੇ ਸਟੇਜ ਸਕੱਤਰ ਦੀ ਸੇਵਾ ਸੰਤ ਜਸਬੀਰ ਸਿੰਘ ਨੇ ਕੀਤੀ। ਅਰਦਾਸ ਉਪਰੰਤ ਸਹਿਬਪੁਰਾ ਤੇ ਰਮੇਸ਼ ਨਗਰ ਦੇ ਵਿਦਿਅਕ ਜਥਿਆਂ ਦੇ ਨੌਜਵਾਨਾਂ ਨੇ ਪੰਡਾਲ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗਤਕਾ ਖੇਡਿਆ।



**ਮੇਲੇ ਵਿਚ ਹਾਜ਼ਰੀ ਭਰਦੀ ਸਾਧ ਸੰਗਤ।**



**ਸਤਿਗੁਰੂ ਰਾਮ ਸਿੰਘ ਜੀ ਬਾਰੇ ਆਪਣੀਆਂ ਭਾਵਨਾਵਾਂ ਵਿਅਕਤ ਕਰਦੇ ਬਲਦੇਵ ਸਿੰਘ ਵੜੈਚ, ਜਰਨੈਲ ਸਿੰਘ ਐਮ. ਐਲ. ਏ (ਆਪ), ਸੁਰਜੀਤ ਸਿੰਘ ਜੋਬਨ ਅਤੇ ਬੀਬੀ ਰਜਿੰਦਰ ਕੌਰ ਸ੍ਰੀ ਭੈਣੀ ਸਾਹਿਬ।**

ਦੁਪਹਿਰ 2 ਵਜੇ ਤੋਂ ਬੀਬੀਆਂ ਦੇ ਜਥੇ ਨੇ ਦਿਵਾਨ ਲਾਇਆ। ਉਪਰੰਤ ਹੋਰ ਜਥੇਦਾਰਾਂ ਦਾ ਵੇਰਵਾ– ਸਰਦਾਰ ਸਿੰਘ, ਸੰਤ ਦਲਜੀਤ ਸਿੰਘ ਬਲਿਹਾਰਾਜਾਵਾਂ, ਸਵਰਨ ਸਿੰਘ ਅਤੇ ਦਰਸ਼ਨ ਸਿੰਘ।

4 ਤੋਂ 5 ਵਜੇ ਤਕ ਨਾਮ ਸਿਮਰਨ ਕੀਤਾ ਗਿਆ। ਇਸੇ ਦੌਰਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ ਟੇਪ ਸਰਵਣ ਕੀਤੇ ਗਏ। ਮਹਾਰਾਜ ਰਜਿੰਦਰ ਸਿੰਘ ਜੀ (ਨਿਰੰਕਾਰੀ) ਵਲੋਂ ਇਕ ਡੈਲੀਗੇਸ਼ਨ ਭੇਜਿਆ ਗਿਆ। ਜਿਨ੍ਹਾਂ ਨੇ ਪੂਰੇ ਨਾਮ ਸਿਮਰਨ ਵਿਚ ਹਾਜ਼ਰੀ ਭਰੀ। ਰਾਗੀ ਸਿੰਘ ਨੇ ਰਾਗ ਬਹਾਰ ਤਾਲ ਵਿਚ–

***ਗੁਰ ਗੁਰ ਕਰਤ ਸਦਾ ਸੁਖ ਪਾਇਆ।।***

ਸ਼ਬਦ ਗਾਇਨ ਕੀਤਾ। ਇਹਨਾਂ ਤੋਂ ਬਾਅਦ ਸੁਖਦੇਵ ਸਿੰਘ ਅਤੇ ਉਹਨਾਂ ਦੇ ਪੁੱਤਰ ਸੰਤਾ ਸਿੰਘ ਨੇ 45 ਮਿੰਟ ਲਈ ਕੀਰਤਨ ਕੀਤਾ।

ਅੱਜ ਦੇ ਪ੍ਰੋਗਰਾਮ ਲਈ ਵਿਸ਼ੇਸ਼ ਸੱਦੇ ਕਵੀਆਂ ਨੇ ਕਵਿਤਾਵਾਂ ਪੜੀਆਂ। ਵੇਰਵਾ–

ਬੀਬੀ ਰਜਿੰਦਰ ਕੌਰ, ਸ. ਵੜੈਚ ਜੀ, ਅਮਰ ਸਿੰਘ ਅਮਰ, ਭੋਲੀ ਜੀ,। ਇਹਨਾਂ ਤੋਂ ਇਲਾਵਾ ਹੋਰ ਕਵੀ ਸਨ– ਬੀਬੀ ਸਿੰਦਰ ਕੌਰ, ਰਾਗੀ ਮਨਜੀਤ ਸਿੰਘ, ਬੀਬੀ ਸਤਵੰਤ ਕੌਰ ਮਠਾੜੂ, ਨੌਜਵਾਨ ਨਰੋਤਮ ਸਿੰਘ।

ਸੁਰਜੀਤ ਸਿੰਘ ਜੋਬਨ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਇਸਤਰੀ ਜਾਤੀ ਤੇ ਕੀਤੇ ਉਪਕਾਰਾਂ ਬਾਰੇ ਦੱਸਿਆ।

ਜਰਨੈਲ ਸਿੰਘ ਐਮ. ਐਲ. ਏ. ਹਲਕਾ ਤਿਲਕ ਨਗਰ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਦਾ ਭੇਜਿਆ ਸੰਦੇਸ਼ ਪੜ੍ਹਿਆ। ਇਹਨਾਂ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਮੈਂਬਰਾਂ ਤੇ ਉਮੀਦਵਾਰਾਂ ਨੇ ਹਾਜ਼ਰੀ ਭਰੀ। ਸ. ਹਰਵਿੰਦਰ ਸਿੰਘ ਹੰਸਪਾਲ, ਸੁਰਿੰਦਰ ਸਿੰਘ ਨਾਮਧਾਰੀ, ਗੁਰਭੇਜ ਸਿੰਘ ਗੋਰਾਇਆ ਸਕੱਤਰ ਪੰਜਾਬੀ ਅਕਾਦਮੀ ਦਿੱਲੀ। ਸੂਬਾ ਸੁਖਦੇਵ ਸਿੰਘ, ਸੂਬਾ ਅਰਵਿੰਦ ਸਿੰਘ, ਬੀਬੀ ਨਰਿੰਦਰ ਕੌਰ, ਸੂਬਾ ਜਗਤਾਰ ਸਿੰਘ ਭੱਟੀ, ਰਣਜੀਤ ਸਿੰਘ, ਵਸਨ ਸਿੰਘ, ਸੰਤ ਭੁਪਿੰਦਰਾਵਲੀ, ਰਮਣੀਕ ਸਿੰਘ, ਭੁਪਿੰਦਰ ਸਿੰਘ ਚਾਵਲਾ ਆਦਿ ਦਿੱਲੀ ਦੇ ਮੁੱਖ ਆਹੁਦੇਦਾਰ ਤੇ ਸੇਵਾਦਾਰ ਤੋਂ ਇਲਾਵਾ ਬਾਹਰੀ ਸਮਾਜ ਦੇ ਅਨੇਕ ਵਸ਼ਿਸ਼ਟ ਸਜਣਾਂ ਨੇ ਇਸ ਮੌਕੇ ਪਹੁੰਚ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ 'ਚ ਆਪਣੀ ਹਾਜ਼ਰੀ ਲਵਾਈ।।

ਨੌਜਵਾਨਾਂ ਵਲੋਂ ਨਾਮਧਾਰੀ ਇਤਿਹਾਸਕ ਪ੍ਰਦਰਸ਼ਨੀ ਲਾਈ ਗਈ। ਜੋੜੇ ਵਾਲਿਆਂ, ਲੰਗਰ ਵਾਲਿਆਂ, ਪਹਿਰੇ ਵਾਲਿਆਂ ਅਤੇ ਹੋਰ ਸੇਵਾਦਾਰਾਂ ਨੇ ਅਣਥਕ ਸੇਵਾ ਕੀਤੀ।

ਅਗਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਰਾਗੀ ਮਨਜੀਤ ਸਿੰਘ ਅਤੇ ਨੌਜਵਾਨ ਜਾ. ਨਿਸ਼ਾਨ ਸਿੰਘ ਨੇ ਕੀਤਾ। ਉਪਰੰਤ ਅਨੰਤਾ ਸਿੰਘ ਨੇ 10 ਮਿੰਟ ਦਿਵਾਨ ਸਜਾਇਆ। ਲਾਈਵ ਟੈਲੀਕਾਸਟ ਦੀ ਸੇਵਾ ਕਰਨਪਾਲ ਸਿੰਘ ਆਦਿ ਨੇ ਕੀਤੀ। ਫੋਟੋਗ੍ਰਾਫੀ ਦੀ ਸੇਵਾ ਗੁਰਨਾਮ ਸਿੰਘ ਫੋਟੋਗ੍ਰਾਫਰ ਅਤੇ ਦਿਆਲ ਸਿੰਘ ਨੇ ਕੀਤੀ।

**–ਹਰਪਾਲ ਸਿੰਘ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਜਗਜੀਤ ਨਗਰ ਵਿਖੇ ਜਗਤ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਹੋਏ ਵਿਸ਼ਾਲ ਸਿਮ੍ਰਤੀ ਸਮਾਗਮ ਦੌਰਾਨ ਸਮੁੱਚੀ ਸਾਧ-ਸੰਗਤ ਅਤੇ ਮਾਤਾ ਜੀ ਦੇ ਸਮੁੱਚੇ ਪੇਕਾ ਪਰਵਾਰ ਵਲੋਂ ਤਿਲਫੁਲ ਭੇਟਾ ਕੀਤਾ ਗਿਆ-23/2/2017



ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ (ਦਿੱਲੀ) ਦੀ ਯਾਦ ਵਿੱਚ ਜਾਣੀ ਪਹਿਚਾਣੀ ਸਖ਼ਸ਼ੀਅਤ ਸੰਤ ਨਿਸ਼ਾਨ ਸਿੰਘ ਕਥਾਵਾਚਕ (ਸ੍ਰੀ ਭੈਣੀ ਸਾਹਿਬ) ਨੂੰ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਸਨਮਾਨ ਚਿੰਨ ਦੇ ਕੇ ਨਿਵਾਜਿਆ। ਨਾਲ ਜਥੇਦਾਰ ਜੀ ਦੇ ਸਪੁੱਤਰ ਸਰਵ ਸੰਤ ਸਤਪਾਲ ਸਿੰਘ, ਜਸਪਾਲ ਸਿੰਘ, ਸ਼ਰਨਪਾਲ ਸਿੰਘ, ਨਿਰਮਲ ਸਿੰਘ ਅਤੇ ਰਜਿੰਦਰ ਸਿੰਘ ਹੱਥ ਜੋੜ ਆਪ ਜੀ ਦਾ ਧੰਨਵਾਦ ਕਰਦੇ ਹੋਏ-੧੯ ਜਨਵਰੀ ੨੦੧੭



ਅਨੰਦ ਕਾਰਜ ਉਪਰੰਤ ਕਾਕਾ ਨਾਨਕ ਸਿੰਘ (ਹਾਕੀ ਖਿਡਾਰੀ) ਅਤੇ ਬੀਬੀ ਮਾਨ ਕੌਰ ਸ੍ਰੀ ਸਤਿਗੁਰੂ ਜੀ ਪਾਸੋਂ ਖ਼ੁਸ਼ੀਆਂ ਪ੍ਰਾਪਤ ਕਰਦੇ ਹੋਏ -27/11/2016

Photos by Suratpal Singh

# ਵਰਿਆਮ ਜੀ ਨਮਿਤ ਭੋਗ 11 ਮਾਰਚ ਨੂੰ



**ਸ੍ਰੀ ਭੈਣੀ ਸਾਹਿਬ:** ਵਰਿਆਮ ਦੇ ਸੰਪਾਦਕ ਸ਼੍ਰੋਮਣੀ ਪੱਤਰਕਾਰ ਸ. ਜਗਦੀਸ਼ ਸਿੰਘ ਜੀ ਨਮਿਤ ਕੀਤੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ 11 ਮਾਰਚ 2017 ਦਿਨ ਸ਼ਨੀਵਾਰ ਨੂੰ ਪਿਛਲੇ ਪਹਿਰ ਪਾਇਆ ਜਾਏਗਾ। ਵਰਿਆਮ ਜੀ 4 ਮਾਰਚ ਨੂੰ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿਖੇ ਰਾਤੀਂ ਸਵਾ ਕੁ ਦਸ ਵਜੇ ਆਪਣੀ ਜੀਵਨ ਦੀ ਖੇਡ ਖੇਡ ਗਏ, ਉਹ 78 ਸਾਲਾਂ ਦੇ ਸਨ ਅਤੇ ਲੰਮੇ ਸਮੇਂ ਤੋਂ ਬਿਮਾਰ ਚਲ ਰਹੇ ਸਨ। ਉਹਨਾਂ ਦੀ ਛੋਟੀ ਬੇਟੀ ਡਾ. ਰਜਵੰਤ ਕੌਰ, ਤੇਜਵੰਤ ਸਿੰਘ ਸੱਗੂ (ਰਾਣਾ) ਦੇਖਭਾਲ ਕਰ ਰਹੇ ਸਨ। ਉਹਨਾਂ ਦੀਆਂ ਵਡੀਆਂ ਬੇਟੀਆਂ ਗੁਰਦਰਸ਼ਨ ਕੌਰ-ਕੁਲਦੀਪ ਸਿੰਘ ਫਲੌਰਾ ਤੇ ਸਤਵੰਤ ਕੌਰ-ਅੰਮ੍ਰਿਤਪਾਲ ਸਿੰਘ ਫਲੌਰਾ ਇੰਗਲੈਂਡ ਵਿੱਚ ਰਹਿੰਦੇ ਹਨ। ਵਰਿਆਮ ਜੀ ਨਾਮਧਾਰੀ ਦਰਬਾਰ ਦੇ ਜਨਰਲ ਸਕੈਟਰੀ ਸਨ। ਸਰਦਾਰਨੀ ਜਸਪਾਲ ਕੌਰ ਟ੍ਰਸਟ ਦੇ ਟ੍ਰਸਟੀ ਸਨ। ਉਹ ਲੰਮਾ ਸਮਾਂ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਰਹੇ। ਉਹ ਬਹੁਤ ਵਧੀਆ ਬੁਲਾਰੇ ਅਤੇ ਲੇਖਕ ਸਨ।

5 ਮਾਰਚ ਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਉਹਨਾਂ ਦਾ ਸਸਕਾਰ ਪੰਥਕ ਸਨਮਾਨ ਨਾਲ ਕੀਤਾ ਗਿਆ। ਸਾਧ-ਸੰਗਤ ਨੂੰ ਉਹਨਾਂ ਦੇ ਭੋਗ ਸਮੇਂ ਦਰਸ਼ਨ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ।

# ਜਗਮੋਹਨ ਸਿੰਘ ਹੰਸਪਾਲ ਨਮਿਤ ਭੋਗ 9 ਮਾਰਚ ਨੂੰ



**ਨਵੀਂ ਦਿੱਲੀ:** ਚੀਫ ਇੰਜੀਨਿਅਰ ਸ. ਗਿਆਨ ਸਿੰਘ ਹੰਸਪਾਲ ਦੇ ਛੋਟੇ ਸਪੁੱਤਰ ਸ. ਜਗਮੋਹਨ ਸਿੰਘ ਹੰਸਪਾਲ ਇੰਜੀਨਿਅਰ 1 ਮਾਰਚ 2017 ਈ. ਨੂੰ ਆਪਣੇ ਗ੍ਰਿਹ ਰਾਜੌਰੀ ਗਾਰਡਨ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਨਮਿਤ ਭੋਗ, ਸ਼ਬਦ ਕੀਰਤਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ 9 ਮਾਰਚ 2017 ਈ. ਦਿਨ ਵੀਰਵਾਰ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸ਼ਾਮੀ 5 ਤੋਂ 6 ਵਜੇ ਤੱਕ ਪਾਇਆ ਜਾਏਗਾ। ਉਹ ਸ. ਹਰਵਿੰਦਰ ਸਿੰਘ ਹੰਸਪਾਲ (Ex. M.P) ਦੇ ਛੋਟੇ ਭਰਾ ਸਨ ਭਾਵੇਂ ਕੁਝ ਸਮੇਂ ਤੋਂ ਉਹਨਾਂ ਦਾ ਸਰੀਰ ਢੀਲਾ ਮੱਠਾ ਚਲ ਰਿਹਾ ਸੀ ਪਰ ਅੰਤਮ ਸਮਾਂ ਤਾਂ ਅਚਾਨਕ ਹੀ ਆਇਆ ਘਰ ਬੈਠਿਆ ਹੀ ਉਹਨਾਂ ਆਖਰੀ ਸਾਹ ਲਿਆ ਉਹ 74 ਕੁ ਸਾਲ ਦੇ ਸਨ। ਉਹਨਾਂ ਨੇ 1968 ਵਿੱਚ ਲੰਡਨ ਯੁਨੀਵਰਸਿਟੀ ਯੂ.ਕੇ. ਤੋਂ ਇੰਜੀਨਿਅਰਿੰਗ (B.E) ਕੀਤੀ ਹੋਈ ਸੀ। ਉਹ ਆਪਣੇ ਪਿਛੇ ਜੀਵਨ ਸਾਥਣ ਬੀਬੀ ਰਵਿੰਦਰ ਕੌਰ ਅਤੇ ਬੱਚਿਆਂ ਅਮਿਤੋਜ ਸਿੰਘ, ਪ੍ਰਭਜੋਤ ਕੌਰ, ਅਤੇ ਹਰਕੀਰਤ ਕੌਰ ਦਾ ਸੁਖੀ ਵੱਸਦਾ ਪਰਵਾਰ ਛੱਡ ਗਏ ਹਨ। ਪਰਵਾਰ ਵਲੋਂ ਉਹਨਾਂ ਦੇ ਭੋਗ ਸਮੇਂ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

# ਸਹਾਇਤਾ

| | | | |
|---|---|---|---|
| ਨਾਮਧਾਰੀ ਸੰਗਤ ਦਿੱਲੀ, ਬਸੰਤ ਪੰਚਮੀ ਮੇਲੇ ਸਮੇਂ | 5000/- | ਪਰਵਾਰ ਜਥੇਦਾਰ ਸੇਵਾ ਸਿੰਘ (ਦਿੱਲੀ), ਜਥੇਦਾਰ ਸੇਵਾ ਸਿੰਘ ਨਮਿਤ ਮੇਲੇ ਸਮੇਂ | 1000/- |
| ਨਾਮਧਾਰੀ ਸੰਗਤ ਲੁਧਿਆਣਾ, ਬਸੰਤ ਪੰਚਮੀ ਮੌਕੇ ਸੰਗੀਤ ਸੰਮੇਲਨ ਦੌਰਾਨ | 3100/- | ਸੂਬਾ ਕੁਲਦੀਪ ਸਿੰਘ ਚਾਨਾ (ਯੂ.ਕੇ.), ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ | 1000/- |
| ਸੰਤ ਮਨਮੋਹਨ ਸਿੰਘ ਸੋਖੀ (ਦਿੱਲੀ), ਭਤੀਜੇ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ | 2100/- | ਸੰਤ ਸੁਰਜੀਤ ਸਿੰਘ ਹੰਜਰਾ (ਦਿੱਲੀ), ਪੁਤਰੀ ਦਿਲਪ੍ਰੀਤ ਕੌਰ ਦੇ ਅਨੰਦ ਕਾਰਜ ਸਮੇਂ | 500/- |
| ਸੰਤ ਗੁਰਦੇਵ ਸਿੰਘ ਸੂਰਾ (ਲੁਧਿਆਣਾ), ਸ਼ਹੀਦੀ ਮੇਲੇ ਸਮੇਂ | 1100/- | ਸੰਤ ਸਤਵਿੰਦਰਪਾਲ ਸਿੰਘ ਹੰਸਪਾਲ, ਪੁੱਤਰ ਅਸ਼ਵਿੰਦਰ ਸਿੰਘ ਦੇ ਅਨੰਦ ਕਾਰਜ ਸਮੇਂ | 500/- |
| ਸੰਤ ਮਨਜੀਤ ਸਿੰਘ ਕਨਟਰੈਕਟਰ (ਮੰਡੀ), ਪੁੱਤਰ ਦੇ ਭੋਗ ਸਮੇਂ | 1100/- | ਸੰਤ ਫੂਲਾ ਸਿੰਘ (ਅੰਮ੍ਰਿਤਸਰ), ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ | 500/- |
| ਸੰਤ ਸੁਲਖੰਣ ਸਿੰਘ ਪੰਨਵ ਪਰਵਾਰ (ਦਿੱਲੀ), ਅੰਮ੍ਰਿਤਸਰ ਸ਼ਹੀਦਾਂ ਨਮਿਤ ਮੇਲੇ ਸਮੇਂ | 1100/- | ਪਰਵਾਰ ਸੰਤ ਭਗਵਾਨ ਸਿੰਘ (ਗੁਰਦਾਸਪੁਰ), ਸੰਤ ਭਗਵਾਨ ਸਿੰਘ ਦੇ ਭੋਗ ਸਮੇਂ | 500/- |
| ਸੂਬਾ ਅਰਵਿੰਦ ਸਿੰਘ (ਦਿੱਲੀ), ਪੰਜ ਭਾਦਰੋਂ ਦੇ ਮੇਲੇ ਸਮੇਂ | 1100/- | ਬੀਬੀ ਗਗਨਦੀਪ ਕੌਰ ਪਾਇਲਟ, ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ | 500/- |
| ਸੰਤ ਨਰਿੰਦਰ ਸਿੰਘ ਖੁਰਾਣਾ (ਦਿੱਲੀ), ਮਾਤਾ ਪਿਤਾ ਦੀ ਯਾਦ ਵਿੱਚ ਮੇਲੇ ਸਮੇਂ | 1100/- | ਸੰਤ ਸੁਲਖਣ ਸਿੰਘ (ਦਿੱਲੀ), ਪੁਤਰੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ | 500/- |
| ਸੰਤ ਗੁਰਬਚਨ ਸਿੰਘ ਨਾਗੀ (ਦਿੱਲੀ), ਬੀਬੀ ਪ੍ਰੀਤਮ ਕੌਰ ਦੇ ਭੋਗ ਸਮੇਂ | 1100/- | ਸੰਤ ਤਰਲੋਚਨ ਸਿੰਘ ਮਠਾਰੂ (ਲੁਧਿਆਣਾ), ਜਪ ਪ੍ਰਯੋਗ ਦੇ ਭੋਗ ਸਮੇਂ | 500/- |
| ਸੰਤ ਅਵਤਾਰ ਸਿੰਘ ਭਮਰਾ, ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ | 1100/- | ਸੰਤ ਸੁਰਿੰਦਰ ਸਿੰਘ ਭਾਈ ਜੀ (ਲੁਧਿਅਣਾ), ਹਫਤਾਵਾਰੀ ਸਮਾਗਮ ਸਮੇਂ | 500/- |
| ਸੰਤ ਨਿਰਮਲ ਸਿੰਘ ਨਡਾਲਾ, ਬੱਚਿਆ ਨੂੰ ਦਸਤਾਰ ਬਨਵਾਉਣ ਸਮੇਂ | 1100/- | ਸੰਤ ਨਰਿੰਦਰ ਸਿੰਘ, ਸੰਤ ਬਚਿੱਤਰ ਸਿੰਘ (ਲੁਧਿਆਣਾ), ਮਾਤਾ-ਪਿਤਾ ਦੀ ਯਾਦ ਵਿੱਚ ਮੇਲੇ ਸਮੇਂ | 500/- |

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.37 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.26 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com